## ਅਧਿਆਇ 5

# ਇੱਕ ਪੁਲ: ਸ਼ਾਂਤੀ ਦੀ ਅਸੀਸ

ਪੌਲੁਸ ਦੇ ਵਿਚਾਰਾਂ ਦੇ ਵਿਕਾਸ ਵਿੱਚ ਰੋਮੀਆਂ 5 ਕਿਵੇਂ ਫਿੱਟ ਬੈਠਦਾ ਹੈ? ਕੁਝ ਲੋਕ ਸੋਚਦੇ ਹਨ ਕਿ ਇਹ ਅਧਿਆਇ ਵਿਸ਼ਵਾਸ ਰਾਹੀਂ ਧਰਮੀ ਠਹਿਰਾਏ ਜਾਣ ਬਾਰੇ ਪੌਲੁਸ ਦੀ ਸਿੱਖਿਆ ਦਾ ਅੰਤ ਹੈ, ਜਦਕਿ ਕੁਝ ਲੋਕ ਇਸ ਨੂੰ ਆਉਣ ਵਾਲੇ ਅਧਿਆਇਆਂ ਨਾਲ ਜੋੜਦੇ ਹਨ, ਜਿਹੜੇ ਪਵਿੱਤਰਤਾਈ ਬਾਰੇ ਗੱਲ ਕਰਦੇ ਹਨ। ਮੇਰੇ ਖਿਆਲ ਨਾਲ ਰੋਮੀਆਂ 5 ਧਰਮੀ ਠਹਿਰਾਏ ਜਾਣ ਅਤੇ ਪਵਿੱਤਰ ਕੀਤੇ ਜਾਣ ਦੇ ਦੋ ਵਿਸ਼ਿਆਂ ਵਿੱਚ ਇੱਕ ਪੁਲ ਦਾ ਕੰਮ ਕਰਦਾ ਹੈ।

3:21—4:25 ਵਿੱਚ ਪੌਲੁਸ ਪਵਿੱਤਰ ਸ਼ਾਸਤਰ ਅਤੇ ਤਰਕ ਦੀ ਵਰਤੋਂ ਕਰਕੇ ਦਰਸ਼ਾਉਂਦਾ ਹੈ ਕਿ ਧਰਮੀ ਠਹਿਰਾਏ ਜਾਣ ਦਾ ਅਧਾਰ ਵਿਸ਼ਵਾਸ ਹੀ ਹੈ। ਇਸ ਸਿਧਾਂਤ ਨੂੰ ਕਾਇਮ ਕਰਕੇ ਹੁਣ ਉਹ ਧਰਮੀ ਠਹਿਰਾਏ ਜਾਣ ਦੀਆਂ ਅਸੀਸਾਂ ਦੀ ਸੂਚੀ ਬਣਾਉਣ ਲਈ ਤਿਆਰ ਹੈ। ਵਿਲਿਅਮ ਬਰਕਲੇ ਨੇ ਲਿਖਿਆ ਕਿ ਰੋਮੀਆਂ 5 ਦਾ ਪਹਿਲਾ ਹਿੱਸਾ ਪੌਲੁਸ ਦੇ "ਗੀਤਾਤਮਕ ਹਿੱਸਿਆਂ ਵਿੱਚੋਂ ਇੱਕ ਹੈ ਜਿਸ ਵਿੱਚ ਉਹ ਪਰਮੇਸ਼ੁਰ ਵਿੱਚ ਆਪਣੇ ਭਰੋਸੇ ਦੇ ਗੂੜ੍ਹੇ ਅਨੰਦ ਨੂੰ ਲਗਭਗ ਗਾ ਦਿੰਦਾ ਹੈ।"[1] ਆਰ.ਸੀ. ਬੈੱਲ ਨੇ ਆਖਿਆ, "ਇਸ ਹਿੱਸੇ ਤੋਂ ਇਲਾਵਾ ਪਵਿੱਤਰ ਸ਼ਾਸਤਰ ਵਿੱਚ ਸ਼ਾਇਦ ਹੀ ਕੋਈ ਹੋਰ ਹਿੱਸਾ ਹੋਵੇ ਜਿਹੜਾ ਮਸੀਹਤ ਦੇ ਅਪਰੰਪਾਰ ਸਾਧਨਾਂ ਨਾਲ ਐਨਾ ਭਰਿਆ ਹੋਵੇ।"[2]

## ਯਿਸੂ ਮਸੀਹ ਦੇ ਰਾਹੀਂ ਪਰਮੇਸ਼ੁਰ ਦੇ ਨਾਲ ਸ਼ਾਂਤੀ (5:1-11)

ਇਹ ਆਇਤਾਂ ਇਹ ਸਮਝਣ ਵਿੱਚ ਸਾਡੀ ਮਦਦ ਕਰਦੀਆਂ ਹਨ ਕਿ ਪੌਲੁਸ ਐਨੀਆਂ ਔਖਿਆਈਆਂ ਵਿੱਚੋਂ ਕਿਵੇਂ ਪਾਰ ਹੋ ਸਕਿਆ (ਵੇਖੋ 2 ਕੁਰਿੰਥੀਆਂ 11:23-29)—ਕੇਵਲ ਉਨ੍ਹਾਂ ਨੂੰ ਸਹਿ ਕੇ ਨਹੀਂ, ਸਗੋਂ ਉਨ੍ਹਾਂ ਉੱਤੇ ਜੇਤੂ ਹੋ ਕੇ (ਵੇਖੋ 8:37)। ਉਸ ਦੇ ਸਾਹਮਣੇ ਭਾਵੇਂ ਕੋਈ ਵੀ ਸੰਕਟ ਆਇਆ, ਉਸ ਕੋਲ ਸ਼ਾਂਤੀ ਅਤੇ ਆਸ ਹਮੇਸ਼ਾ ਰਹੀ (5:1, 2, 4, 5)। ਉਹ ਜਾਣਦਾ ਸੀ ਕਿ ਪਰਮੇਸ਼ੁਰ ਉਸ ਨੂੰ ਪ੍ਰੇਮ ਕਰਦਾ ਹੈ (5:5-9)। ਉਹ ਜਾਣਦਾ ਸੀ ਕਿ ਜੇਕਰ ਉਸ ਦੇ ਵੈਰੀਆਂ ਨੇ ਉਸ ਨੂੰ ਮਾਰ ਵੀ ਦਿੱਤਾ, ਤਾਂ ਵੀ ਉਹ ਸਦਾਕਾਲ ਲਈ ਬਚਾਇਆ ਜਾਵੇਗਾ—ਉਹ ਪਰਮੇਸ਼ੁਰ ਦੇ ਨਾਲ ਉਸ ਦੇ ਪਰਤਾਪ ਵਿੱਚ ਹੋਵੇਗਾ (5:2, 9, 10)।

### ਵਿਸ਼ਵਾਸ ਨਾਲ ਧਰਮੀ ਠਹਿਰਾਏ ਗਏ (5:1-5)

**1ਸੋ ਜਦੋਂ ਅਸੀਂ ਨਿਹਚਾ ਨਾਲ ਧਰਮੀ ਠਹਿਰਾਏ ਗਏ ਤਾਂ ਅਸੀਂ ਆਪਣੇ ਪ੍ਰਭੂ ਯਿਸੂ**
**ਮਸੀਹ ਦੇ ਰਾਹੀਂ ਪਰਮੇਸ਼ੁਰ ਵੱਲ ਸ਼ਾਂਤੀ ਰੱਖੀਏ। 2ਜਿਹ ਦੇ ਰਾਹੀਂ ਵੀ ਅਸੀਂ ਨਿਹਚਾ ਨਾਲ**

**ਓਸ ਕਿਰਪਾ ਵਿੱਚ ਅੱਪੜੇ ਜਿਹ ਦੇ ਉੱਤੇ ਖਲੋਤੇ ਹਾਂ ਅਤੇ ਪਰਮੇਸ਼ੁਰ ਦੇ ਪਰਤਾਪ ਦੀ ਆਸ ਉੱਤੇ ਅਭਮਾਨ ਕਰੀਏ। [3]ਨਿਰਾ ਇਹੋ ਨਹੀਂ ਸਗੋਂ ਬਿਪਤਾਂ ਵਿੱਚ ਵੀ ਅਭਮਾਨ ਕਰੀਏ ਕਿਉਂ ਜੋ ਇਹ ਜਾਣਦੇ ਹਾਂ ਭਈ ਬਿਪਤਾ ਧੀਰਜ ਪੈਦਾ ਕਰਦੀ ਹੈ। [4]ਅਤੇ ਧੀਰਜ ਦ੍ਰਿੜ੍ਹਤਾ ਅਤੇ ਦ੍ਰਿੜ੍ਹਤਾ ਆਸ ਪੈਦਾ ਕਰਦੀ ਹੈ। [5]ਅਤੇ ਆਸ ਸ਼ਰਮਿੰਦਿਆਂ ਨਹੀਂ ਕਰਦੀ ਇਸ ਲਈ ਜੋ ਪਰਮੇਸ਼ੁਰ ਦਾ ਪ੍ਰੇਮ ਪਵਿੱਤਰ ਆਤਮਾ ਦੇ ਵਸੀਲੇ ਨਾਲ ਜੋ ਸਾਨੂੰ ਦਿੱਤਾ ਗਿਆ ਸਾਡਿਆਂ ਹਿਰਦਿਆਂ ਵਿੱਚ ਪਾਇਆ ਹੋਇਆ ਹੈ।**

**ਆਇਤ 1.** ਪੌਲੁਸ ਨੇ ਇਸ ਤਰ੍ਹਾਂ ਅਰੰਭ ਕੀਤਾ, **ਸੋ ਜਦੋਂ ਅਸੀਂ ਨਿਹਚਾ ਨਾਲ ਧਰਮੀ ਠਹਿਰਾਏ ਗਏ ਤਾਂ ਅਸੀਂ ਆਪਣੇ ਪ੍ਰਭੂ ਯਿਸੂ ਮਸੀਹ ਦੇ ਰਾਹੀਂ ਪਰਮੇਸ਼ੁਰ ਵੱਲ ਸ਼ਾਂਤੀ ਰੱਖੀਏ**। ਉਸ ਵੱਲੋਂ ਇਸਤੇਮਾਲ ਕੀਤਾ ਗਿਆ "ਸੋ" ਇਸ਼ਾਰਾ ਕਰਦਾ ਹੈ ਕਿ ਇਸ ਅਧਿਆਇ ਵਿੱਚ ਉਹ ਜੋ ਕੁਝ ਕਹਿਣ ਜਾ ਰਿਹਾ ਹੈ, ਉਹ ਧਰਮੀ ਠਹਿਰਾਏ ਜਾਣ ਦੀ ਉਸ ਦੀ ਪਿਛਲੀ ਚਰਚਾ ਉੱਤੇ ਅਧਾਰਿਤ ਹੈ। ਸ਼ਰ੍ਹਾ/ਕੰਮਾਂ ਵਾਲੀ ਪ੍ਰਣਾਲੀ ਪਰੇਸ਼ਾਨੀ ਅਤੇ ਸ਼ੰਕਾ ਪੈਦਾ ਕਰਦੀ ਹੈ ਕਿਉਂਕਿ ਅਸੀਂ ਸ਼ਰ੍ਹਾ ਦੀ ਪਾਲਣਾ ਸਿੱਧਤਾ ਵਿੱਚ ਨਹੀਂ ਕਰ ਸਕਦੇ। ਇਸ ਦੇ ਉਲਟ, ਪਰਮੇਸ਼ੁਰ ਦੀ ਕਿਰਪਾ/ਵਿਸ਼ਵਾਸ ਦੀ ਪ੍ਰਣਾਲੀ ਸ਼ਾਂਤੀ ਲਿਆਉਂਦੀ ਹੈ।

ਅਨੇਕਾਂ ਪ੍ਰਾਚੀਨ ਹਸਤਲੇਖਾਂ ਵਿੱਚ "ਸਾਨੂੰ ਸਾਂਤੀ ਮਿਲੀ ਹੈ" ਦੀ ਬਜਾਇ "ਆਓ ਅਸੀਂ ਸ਼ਾਂਤੀ ਰੱਖੀਏ" ਲਿਖਿਆ ਹੈ। "ਆਓ ਰੱਖੀਏ" ਕਲਪਨਾਵਾਚਕ ਵਿਸ਼ੇਸ਼ ਕਿਰਿਆ ਦੇ ਰੂਪ ἔχωμεν *(ਏਕੋਮੇੱਨ)* ਦਾ ਅਨੁਵਾਦ ਹੈ, ਜਦ ਕਿ "ਸਾਨੂੰ ਮਿਲੀ ਹੈ" ਨਿਸ਼ਚੇਵਾਚਕ ἔχομεν *(ਏਕੋਮੇੱਨ)* ਦਾ ਹਵਾਲਾ ਦਿੰਦਾ ਹੈ। ਇਨ੍ਹਾਂ ਦੋਹਾਂ ਵਿੱਚ ਇੱਕ ਅੱਖਰ ਦੀ ਭਿੰਨਤਾ ਹੈ: ਇੱਕ ਔਮੇਗਾ (ω, *ਔ)* ਬਨਾਮ ਇੱਕ ਓਮਾਈਕ੍ਰੋਨ (ο, *ਓ)*। ਜ਼ਿਆਦਾਤਰ ਅਨੁਵਾਦਕ ਸੋਚਦੇ ਹਨ ਕਿ ਇੱਥੇ ਸੰਦਰਭ ਇੱਕ ਪ੍ਰੇਰਨਾ ਦੀ ਬਜਾਇ ਇੱਕ ਕਥਨ ਵੱਲ ਇਸ਼ਾਰਾ ਕਰਦਾ ਹੈ।

ਇਹ ਵਾਕ "ਪਰਮੇਸ਼ੁਰ ਵੱਲ ਸ਼ਾਂਤੀ" ਕਿਸੇ ਕਾਲਪਨਿਕ ਅਹਿਸਾਸ ਦੀ ਗੱਲ ਨਹੀਂ ਕਰਦਾ, ਪਰ ਇੱਕ ਅਸਲ ਸੱਚਾਈ ਦੀ ਗੱਲ ਕਰਦਾ ਹੈ: ਕਿਉਂਕਿ ਅਸੀਂ ਧਰਮੀ ਠਹਿਰਾਏ ਗਏ ਹਾਂ, ਇਸ ਕਰਕੇ ਪਰਮੇਸ਼ੁਰ ਦੇ ਨਾਲ ਸਾਡਾ ਪੁਨਰਮੇਲ ਵੀ ਹੋ ਗਿਆ ਹੈ (ਵੇਖੋ 5:10, 11)। ਹੁਣ ਅਸੀਂ ਪਰਮੇਸ਼ੁਰ ਦੇ ਵੈਰੀ ਨਹੀਂ ਰਹੇ, ਪਰ ਉਸ ਦੇ ਮਿੱਤਰ ਹੋ ਗਏ ਹਾਂ। "ਵੈਰ ਮੁੱਕ ਗਿਆ ਹੈ; ਸਾਂਤੀ ਸਮਝੌਤੇ 'ਤੇ ਦਸਤਖਤ ਹੋ ਚੁੱਕੇ ਹਨ।"[3]

ਕਿਉਂਕਿ ਸਾਨੂੰ "ਪਰਮੇਸ਼ੁਰ *ਵੱਲ* ਸ਼ਾਂਤੀ" ਮਿਲੀ ਹੈ, ਇਸ ਕਰਕੇ ਅਸੀਂ ਪਰਮੇਸ਼ੁਰ *ਦੀ* ਸ਼ਾਂਤੀ ਦਾ ਅਨੰਦ ਮਾਣ ਸਕਦੇ ਹਾਂ, ਜੋ ਇੱਕ ਅਜਿਹੀ ਭਾਵਨਾ ਹੈ ਜਿਹੜੀ "ਸਾਰੀ ਸਮਝ ਤੋਂ ਪਰੇ ਹੈ" (ਫਿਲਿੱਪੀਆਂ 4:7), ਜਿਹੜੀ "ਮਨੁੱਖੀ ਸਮਝ ਤੋਂ ਪਾਰਗਾਮੀ" ਹੈ (Phillips)। ਇਹ ਸ਼ਾਂਤੀ ਇਸ ਗੱਲ ਉੱਤੇ ਨਿਰਭਰ ਨਹੀਂ ਕਰਦੀ ਕਿ ਸੰਸਾਰ ਵਿੱਚ ਸਭਕੁਝ ਸਹੀ ਚੱਲਦਾ ਰਹੇ; ਇਹ ਇੱਕ ਜਜ਼ਬਾਤੀ ਸੰਤੋਖ ਤੋਂ ਕਿਤੇ ਵੱਧ ਕੇ ਹੈ। ਅਜਿਹੀ ਸ਼ਾਂਤੀ ਦਾ ਸੋਮਾ ਪਰਮੇਸ਼ੁਰ ਦੇ ਨਾਲ ਹੋਣ ਵਾਲਾ ਇੱਕ ਖੁਸ਼ਨੁਮਾ ਸੰਬੰਧ ਹੈ, ਜਿਹੜਾ ਸੰਤੋਖ ਦੇ ਭਾਵ ਨੂੰ ਲਿਆਉਂਦਾ ਹੈ, ਫਿਰ ਭਾਵੇਂ ਬਾਹਰੀ ਹਾਲਾਤ ਜਿਹੋ ਜਿਹੇ ਮਰਜੀ ਹੋਣ (ਵੇਖੋ 5:3, 4)। ਜੇਕਰ ਅਸੀਂ ਮਸੀਹੀ ਹਾਂ ਅਤੇ ਸਾਡੇ ਅੰਦਰ ਪਰਮੇਸ਼ੁਰ *ਦੀ* ਸ਼ਾਂਤੀ ਦੀ ਘਾਟ ਹੈ, ਤਾਂ ਹੋ ਸਕਦਾ ਹੈ ਕਿ ਅਸੀਂ ਪਰਮੇਸ਼ੁਰ *ਵੱਲ* ਸ਼ਾਂਤੀ ਦੇ ਅਸਲੀ ਅਰਥ ਨੂੰ ਅਜੇ ਤੱਕ ਸਮਝ ਨਹੀਂ ਪਾਏ ਹਾਂ।

ਸਾਨੂੰ ਪਰਮੇਸ਼ੁਰ ਵੱਲ ਇਹ ਸ਼ਾਂਤੀ **ਸਾਡੇ ਪ੍ਰਭੂ ਯਿਸੂ ਮਸੀਹ ਦੇ ਰਾਹੀਂ** ਮਿਲੀ ਹੈ। ਪਰਮੇਸ਼ੁਰ ਵੱਲ ਸ਼ਾਂਤੀ ਇਸ ਕਰਕੇ ਸੰਭਵ ਹੋ ਸਕੀ ਹੈ ਕਿਉਂਕਿ ਯਿਸੂ ਦੀ ਮੌਤ ਇਸ ਕਰਕੇ

ਹੋਈ ਕਿ ਉਸ ਦੇ ਪਿਤਾ ਦੇ ਨਾਲ ਸਾਡਾ ਪੁਨਰਮੇਲ ਹੋ ਸਕੇ (5:6-8, 10, 11)। ਇਨ੍ਹਾਂ ਆਇਤਾਂ ਵਿੱਚ ਪੌਲੁਸ ਬਾਰ-ਬਾਰ ਆਖਦਾ ਹੈ ਕਿ ਸਾਡੀਆਂ ਆਤਮਿਕ ਬਰਕਤਾਂ ਮਸੀਹ "ਦੇ ਰਾਹੀਂ" ਆਉਂਦੀਆਂ ਹਨ (5:1, 2, 9-11)।

**ਆਇਤ 2.** ਇਹ ਆਇਤ ਵੀ ਇਸ ਰਸੂਲ ਦੇ ਇੱਕ ਹੋਰ "ਦੇ ਰਾਹੀਂ" ਵਾਲੇ ਕਥਨ ਤੋਂ ਸ਼ੁਰੂ ਹੁੰਦੀ ਹੈ: **ਜਿਹ ਦੇ ਰਾਹੀਂ ਵੀ ਅਸੀਂ ਨਿਹਚਾ ਨਾਲ ਓਸ ਕਿਰਪਾ ਵਿੱਚ ਅੱਪੜੇ ਜਿਹ ਦੇ ਉੱਤੇ ਖਲੋਤੇ ਹਾਂ।** "ਜਿਹ ਦੇ" ਆਇਤ 1 ਵਿਚਲੇ "ਪ੍ਰਭੂ ਯਿਸੂ ਮਸੀਹ" ਵੱਲ ਇਸ਼ਾਰਾ ਕਰਦਾ ਹੈ। "ਵੀ" ਇੱਕ ਹੋਰ ਬਰਕਤ ਵੱਲ ਸੰਕੇਤ ਕਰਦਾ ਹੈ, ਜਿਹੜੀ ਸਾਨੂੰ ਉਸ ਦੇ ਰਾਹੀਂ ਮਿਲੀ ਹੈ।

ਇਹ ਸ਼ਬਦ "ਅੱਪੜੇ ਹਾਂ" ਯੂਨਾਨੀ ਸ਼ਬਦ προσαγωγή *(ਪ੍ਰੋਸਾਗੋਗੇ)* ਦਾ ਅਨੁਵਾਦ ਹੈ। ਸੰਬੰਧਤ ਮਿਸ਼ਰਿਤ ਕਿਰਿਆ προσάγω *(ਪ੍ਰੋਸਾਗੋ)*—ਜੋ πρός (*ਪ੍ਰੋਸ,* "ਵਿੱਚ") ਅਤੇ ἄγω (*ਆਗੋ,* "ਲੈ ਚੱਲਣਾ") ਨੂੰ ਜੋੜਦੀ ਹੈ—ਦਾ ਅਰਥ ਹੈ, "ਕਿਸੇ ਦੀ ਹਜ਼ੂਰੀ ਵਿੱਚ ਲੈ ਚੱਲਣਾ।" ਗੈਰ-ਧਾਰਮਿਕ ਸਾਹਿਤ ਵਿੱਚ ਕਦੇ-ਕਦੇ ਇਸ ਦੀ ਵਰਤੋਂ "ਕਿਸੇ ਰਾਜਾ ਦੀ ਹਜ਼ੂਰੀ ਵਿੱਚ ਜਨਤਾ ਨੂੰ ਲਿਆਉਣ ਲਈ" ਕੀਤੀ ਜਾਂਦੀ ਸੀ।[4] ਅਸੀਂ ਇਸ ਤਰ੍ਹਾਂ ਵੀ ਸੋਚ ਸਕਦੇ ਹਾਂ ਕਿ ਯਿਸੂ ਸਾਨੂੰ ਪਰਮੇਸ਼ੁਰ ਦੇ ਦਰਬਾਰ ਵਿੱਚ ਲਿਜਾ ਰਿਹਾ ਹੈ ਅਤੇ ਮੁਸਕੁਰਾਉਂਦਾ ਹੋਇਆ ਆਖ ਰਿਹਾ ਹੈ, "ਮੈਂ ਆਪਣੇ ਮਿੱਤਰ ਨਾਲ ਤੁਹਾਡੀ ਜਾਣ-ਪਛਾਣ ਕਰਾਉਣਾ ਚਾਹੁੰਦਾ ਹਾਂ!"

ਹੋਰ ਕਈ ਬਾਈਬਲ ਅਨੁਵਾਦ *ਪ੍ਰੋਸਾਗੋਗੇ* ਦਾ ਅਨੁਵਾਦ "ਅੱਪੜੇ ਹਾਂ" ਦੀ ਬਜਾਇ "ਪਹੁੰਚ ਹੋਈ ਹੈ" ਵਜੋਂ ਕਰਦੇ ਹਨ (KJV; NKJV; NIV; NRSV; ESV)। ਅਜਿਹਾ ਇਸ ਨਾਂਵ ਦੀ ਬਓਰ ਵੱਲੋਂ ਦਿੱਤੀ ਗਈ ਪਰਿਭਾਸ਼ਾ "ਪਹੁੰਚ ਦਾ ਮਾਰਗ"[5] ਦੇ ਅਧਾਰ 'ਤੇ ਕੀਤਾ ਗਿਆ ਹੈ। ਜੇਕਰ ਇਹ ਸਹੀ ਹੈ, ਤਾਂ ਯਿਸੂ ਨੂੰ ਪਰਮੇਸ਼ੁਰ ਕੋਲ ਪਹੁੰਚਣ ਦੇ ਮਾਰਗ ਵਜੋਂ ਪੇਸ਼ ਕੀਤਾ ਗਿਆ ਹੈ ("ਬੂਹਾ"; ਯੂਹੰਨਾ 10:7, 9)।

ਪੌਲੁਸ ਨੇ ਆਖਿਆ ਕਿ "ਵਿਸ਼ਵਾਸ ਦੇ ਰਾਹੀਂ ਇਸ ਕਿਰਪਾ ਵਿੱਚ" ਸਾਨੂੰ ਅੱਪੜਾਇਆ ਗਿਆ ਹੈ (ਜਾਂ ਸਾਡੀ ਪਹੁੰਚ ਹੋਈ ਹੈ)। ਕੁਝ ਯੂਨਾਨੀ ਹਸਤਲੇਖਾਂ ਵਿੱਚ "ਵਿਸ਼ਵਾਸ ਦੇ ਰਾਹੀਂ" ਨਹੀਂ ਲਿਖਿਆ ਹੈ, ਪਰ ਜੇਕਰ ਨਹੀਂ ਵੀ ਲਿਖਿਆ ਹੈ ਤਾਂ ਵੀ ਇਹ ਸਪੱਸ਼ਟ ਹੀ ਹੈ। "ਕਿਰਪਾ" (χάρις, *ਚੈਰਿਸ)* ਸ਼ਬਦ ਦੀ ਵਰਤੋਂ ਇੱਕ ਅਸਾਧਾਰਨ ਤਰੀਕੇ ਵਿੱਚ ਹੋਈ ਹੈ।[6] ਆਮਤੌਰ 'ਤੇ ਅਸੀਂ ਕਿਰਪਾ ਨੂੰ ਉਸ ਸਾਧਨ ਵਜੋਂ ਸੋਚਦੇ ਹਾਂ ਜੋ ਸਾਨੂੰ ਉਸ ਵੇਲੇ ਸਾਡਿਆਂ ਪਾਪਾਂ ਦੇ ਦੋਸ਼ ਬਚਾ ਲੈਂਦਾ ਹੈ, ਜਦੋਂ ਅਸੀਂ ਮਸੀਹ ਬਣਦੇ ਹਾਂ। ਪਰ ਇੱਥੇ, "ਓਸ ਕਿਰਪਾ" *ਕਿਰਪਾ ਦੀ ਇੱਕ ਅਵਸਥਾ* ਬਾਰੇ ਗੱਲ ਕਰਦੀ ਹੈ ਜਿਸ ਵਿੱਚ ਸਾਨੂੰ ਉਦੋਂ ਅਪੜਾਇਆ ਜਾਂਦਾ ਹੈ, ਜਦੋਂ ਅਸੀਂ ਧਰਮੀ ਠਹਿਰਾਏ ਜਾਂਦੇ ਹਾਂ। NEB ਇਸ ਨੂੰ "ਪਰਮੇਸ਼ੁਰ ਦੀ ਕਿਰਪਾ ਦਾ ਖੇਤਰ" ਲਿਖਦੀ ਹੈ, ਜਦਕਿ AB ਇਸ ਨੂੰ "ਪਰਮੇਸ਼ੁਰ ਦੀ ਕਿਰਪਾ ਦੀ ਅਵਸਥਾ" ਆਖਦੀ ਹੈ।

ਸਾਨੂੰ ਕਿਰਪਾ ਦੀ ਜ਼ਰੂਰਤ ਕੇਵਲ ਬਚਾਏ ਜਾਣ ਲਈ ਹੀ ਨਹੀਂ ਹੈ, ਪਰ ਬਚੇ *ਰਹਿਣ* ਲਈ ਵੀ ਸਾਨੂੰ ਕਿਰਪਾ ਦੀ ਜ਼ਰੂਰਤ ਹੈ। ਅਸੀਂ ਮਸੀਹੀ ਲੋਕਾਂ ਵਜੋਂ ਜਿੰਨੀਆਂ ਵੀ ਅਸੀਸਾਂ ਦਾ ਅਨੰਦ ਮਾਣਦੇ ਹਾਂ, ਉਨ੍ਹਾਂ ਨੂੰ ਨਾ ਤਾਂ ਅਸੀਂ ਕਮਾ ਸਕਦੇ ਹਾਂ ਅਤੇ ਨਾ ਹੀ ਅਸੀਂ ਉਨ੍ਹਾਂ ਦੇ ਲਾਇਕ ਹਾਂ। ਸਾਡਾ ਰੋਜ਼ਾਨਾ ਦਾ ਪ੍ਰਬੰਧ ਕਿਰਪਾ ਸਦਕਾ ਹੀ ਹੁੰਦਾ ਹੈ। ਅਸੀਂ ਲਗਾਤਾਰ ਪਾਪ ਕਰਦੇ ਰਹਿੰਦੇ ਹਾਂ ਅਤੇ ਸਾਡੇ ਪਾਪਾਂ ਦੀ ਮਾਫੀ ਕਿਰਪਾ ਸਦਕਾ ਹੀ ਆਉਂਦੀ ਹੈ। ਰੋਜ਼ਾਨਾ ਜੀਵਨ ਜਿਉਣ ਲਈ ਲੋੜੀਂਦਾ ਬਲ ਕਿਰਪਾ ਸਦਕਾ ਹੀ ਮਿਲਦਾ ਹੈ। ਜੌਨ ਨਿਊਟਨ ਨੇ ਆਪਣੇ ਗੀਤ ਵਿੱਚ ਲਿਖਿਆ, "ਇਸ ਕਿਰਪਾ ਨੇ ਮੈਨੂੰ ਇੱਥੋਂ ਤੱਕ ਸੁਰਖਿਅਤ ਰੱਖਿਆ [ਲਿਆਂਦਾ] ਹੈ ਅਤੇ ਕਿਰਪਾ ਹੀ ਮੈਨੂੰ ਘਰ ਵੀ ਪਹੁੰਚਾਏਗੀ।"[7]

ਧਰਮੀ ਠਹਿਰਾਏ ਜਾਣ ਸਦਕਾ ਅਸੀਂ ਇਸ ਅਦਭੁਤ ਕਿਰਪਾ ਦੀ ਅਵਸਥਾ ਵਿੱਚ ਲਿਆਏ ਜਾਂਦੇ ਹਾਂ "ਜਿਸ ਉੱਤੇ" ਪੌਲੁਸ ਆਖਦਾ ਹੈ ਕਿ "ਅਸੀਂ ਖਲੋਤੇ ਹਾਂ" (ἵστημι, *ਹਿਸਟੇਮੀ)*। ਕੁਝ ਲੋਕ ਇਕ ਵਾਕ "ਜਿਸ ਉੱਤੇ ਅਸੀਂ ਖਲੋਤੇ ਹਾਂ" ਵਿੱਚੋਂ ਉਸ ਨਾਲੋਂ ਜ਼ਿਆਦਾ ਅਰਥ ਕੱਢਣਾ ਚਾਹੁੰਦੇ ਹਨ, ਜਿੰਨਾ ਪੌਲੁਸ ਦਾ ਮੰਤਵ ਸੀ। ਉਹ "ਅਸੀਂ ਖਲੋਤੇ ਹਾਂ" ਦੀ ਵਿਆਖਿਆ ਇਸ ਤਰ੍ਹਾਂ ਕਰਦੇ ਹਨ ਕਿ ਕਿਰਪਾ ਦੀ ਅਵਸਥਾ ਵਿੱਚ ਸਾਡੀ ਥਾਂ ਚਿਰਸਥਾਈ ਹੈ, ਅਰਥਾਤ "ਕਿਰਪਾ ਤੋਂ ਡਿੱਗਣਾ" ਅਸੰਭਵ ਹੈ। ਉਹ ਇਸ ਵਿਆਖਿਆ ਉੱਤੇ ਤਕੜਾਈ ਨਾਲ ਜੋਰ ਦਿੰਦੇ ਹਨ, ਪਰ ਇਸ ਤੱਥ ਨੂੰ ਭੁੱਲ ਜਾਂਦੇ ਹਨ ਕਿ ਪੌਲੁਸ ਨੇ ਗਲਾਤੀਆਂ ਨੂੰ ਲਿਖੇ ਆਪਣੇ ਪੱਤਰ ਵਿੱਚ ਉਨ੍ਹਾਂ ਲੋਕਾਂ ਦਾ ਜਿਕਰ ਕੀਤਾ ਹੈ, ਜਿਹੜੇ "ਕਿਰਪਾ ਤੋਂ ਡਿੱਗ ਗਏ" ਸਨ (ਗਲਾਤੀਆਂ 5:4; ਵੇਖੋ 1 ਕੁਰਿੰਥੀਆਂ 10:12)।

"ਖਲੋਣਾ" ਸ਼ਬਦ ਅਕਸਰ ਅਡੋਲ ਰਹਿਣ ਦੀ ਲੋੜ ਵੱਲ ਇਸ਼ਾਰਾ ਕਰਦਾ ਹੈ (ਵੇਖੋ ਅਫ਼ਸੀਆਂ 6:13, 14)। ਪਰਮੇਸ਼ੁਰ ਦੀ ਕਿਰਪਾ ਨੂੰ ਕਬੂਲ ਕਰਨ ਤੋਂ ਪਹਿਲਾਂ ਅਸੀਂ ਅਜਾਦ ਨੈਤਿਕ ਪ੍ਰਾਣੀ ਸਾਂ ਅਤੇ ਉਸ ਦੀ ਕਿਰਪਾ ਰਾਹੀਂ ਬਚਾਏ ਜਾਣ ਤੋਂ ਬਾਅਦ ਵੀ ਅਸੀਂ ਅਜਾਦ ਨੈਤਿਕ ਪ੍ਰਾਣੀ ਹੀ ਰਹਿੰਦੇ ਹਾਂ। ਜੇਕਰ ਅਸੀਂ ਮਸੀਹੀ ਬਣਨ ਤੋਂ ਪਹਿਲਾਂ ਪਰਮੇਸ਼ੁਰ ਦੀ ਕਿਰਪਾ ਨੂੰ ਸਵੀਕਾਰ ਕਰ ਸਕਦੇ ਜਾਂ ਠੁਕਰਾ ਸਕਦੇ ਸਾਂ, ਤਾਂ ਮਸੀਹ ਬਣਨ ਤੋਂ ਬਾਅਦ ਵੀ ਅਸੀਂ ਪਰਮੇਸ਼ੁਰ ਦੀ ਕਿਰਪਾ ਨੂੰ ਸਵੀਕਾਰ ਕਰ ਸਕਦੇ ਜਾਂ ਠੁਕਰਾ ਸਕਦੇ ਹਾਂ। ਇਸੇ ਕਰਕੇ ਪੌਲੁਸ ਨੇ ਤਿਮੋਥਿਉਸ ਨੂੰ ਆਖਿਆ ਕਿ ਉਹ "ਉਸ ਕਿਰਪਾ ਨਾਲ ਜੋ ਮਸੀਹ ਵਿੱਚ ਹੈ ਤਕੜਾ ਹੋਵੇ" (2 ਤਿਮੋਥਿਉਸ 2:1)। ਪਤਰਸ ਨੇ ਆਪਣੇ ਪਾਠਕਾਂ ਨੂੰ ਆਖਿਆ ਕਿ ਉਹ "ਸਾਡੇ ਪ੍ਰਭੂ ਅਤੇ ਮੁਕਤੀਦਾਤੇ ਯਿਸੂ ਮਸੀਹ ਦੀ ਕਿਰਪਾ . . . ਵਿੱਚ ਵਧਦੇ" ਜਾਣ (2 ਪਤਰਸ 3:18)।

ਅਸੀਂ ਇਸ ਵਾਕ "ਜਿਸ ਉੱਤੇ ਅਸੀਂ ਖਲੋਤੇ ਹਾਂ" ਦਾ ਅਰਥ ਉਸ ਨਾਲੋਂ *ਜ਼ਿਆਦਾ* ਨਾ ਕੱਢੀਏ, ਜਿੰਨਾ ਇਹ ਆਖਦਾ ਹੈ, ਪਰ ਅਸੀਂ ਇਸ ਦਾ ਅਰਥ *ਘੱਟ* ਵੀ ਨਾ ਕੱਢੀਏ। ਇਹ ਸ਼ਬਦ ਤਸੱਲੀ ਅਤੇ ਭਰੋਸੇ ਨਾਲ ਭਰੇ ਹੋਏ ਹਨ। AB ਅਨੁਵਾਦ ਇਸ ਨੂੰ ਇਸ ਤਰ੍ਹਾਂ ਲਿਖਦਾ ਹੈ, "ਜਿਸ ਵਿੱਚ ਅਸੀਂ [ਤਕੜਾਈ ਨਾਲ ਅਤੇ ਸੁਰੱਖਿਅਤ] ਖਲੋਤੇ ਹਾਂ।" ਰੋਮੀਆਂ 8:31 ਵਿੱਚ, ਪੌਲੁਸ ਨੇ ਜੋਰ ਦਿੱਤਾ ਕਿ "ਪਰਮੇਸ਼ੁਰ ਸਾਡੀ ਵੱਲ ਹੈ"; ਉਹ ਪਹਿਲਾਂ ਤੋਂ ਹੀ ਨਿਰਧਾਰਿਤ ਕਰ ਚੁੱਕਾ ਹੈ ਕਿ ਉਹ ਸਾਡੇ ਵੱਲ ਹੈ। ਉਹ ਸਾਨੂੰ ਨਾਸ ਨਹੀਂ ਕਰਨਾ ਚਾਹੁੰਦਾ, ਸਗੋਂ ਸਾਨੂੰ ਬਚਾਉਣਾ ਚਾਹੁੰਦਾ ਹੈ। ਅਸੀਂ ਪਰਮੇਸ਼ੁਰ ਵੱਲ ਆਪਣੀ ਪਿੱਠ ਫੇਰ ਸਕਦੇ ਹਾਂ—ਅਤੇ ਅਫਸੋਸ ਇਹ ਹੈ ਕਿ ਅਸੀਂ ਅਜਿਹਾ ਕਰਦੇ ਵੀ ਹਾਂ। ਪਰ ਜਿੰਨਾ ਚਿਰ ਅਸੀਂ ਯਿਸੂ ਵਿੱਚ ਵਿਸ਼ਵਾਸ ਕਾਇਮ ਰੱਖਾਂਗੇ ਅਤੇ ਆਗਿਆਕਾਰੀ ਦੁਆਰਾ ਆਪਣੇ ਵਿਸ਼ਵਾਸ ਨੂੰ ਪਰਗਟ ਕਰਦੇ ਰਹਾਂਗੇ, ਉੰਨਾ ਚਿਰ ਅਸੀਂ "ਪਰਮੇਸ਼ੁਰ ਦੀ ਕਿਰਪਾ ਦੇ ਖੇਤਰ" ਵਿੱਚ, "ਪਰਮੇਸ਼ੁਰ ਦੀ ਕਿਰਪਾ ਦੀ ਅਵਸਥਾ" ਵਿੱਚ ਖੜ੍ਹੇ ਰਹਾਂਗੇ! ਜੇਕਰ ਇਸ ਨਾਲ ਵੀ ਸਾਡੇ ਦਿਲਾਂ ਵਿੱਚ ਸ਼ਾਂਤੀ ਨਹੀਂ ਆਉਂਦੀ, ਤਾਂ ਫਿਰ ਕਿਸੇ ਵੀ ਤਰੀਕੇ ਨਾਲ ਨਹੀਂ ਆ ਸਕਦੀ।

ਪਰਮੇਸ਼ੁਰ ਦੀ ਕਿਰਪਾ ਅਤੇ ਇਸ ਦੇ ਨਾਲ ਆਉਣ ਵਾਲੀ ਸ਼ਾਂਤੀ ਸਦਕਾ, **ਅਸੀਂ ਪਰਮੇਸ਼ੁਰ ਦੇ ਪਰਤਾਪ ਦੀ ਆਸ ਉੱਤੇ ਅਭਮਾਨ** ਕਰਦੇ ਹਾਂ। 5:1-11 ਵਿੱਚ ਪੌਲੁਸ ਨੇ ਤਿੰਨ ਵਾਰੀ ਆਖਿਆ ਕਿ ਅਸੀਂ "ਅਭਮਾਨ" ਕਰਦੇ ਹਾਂ (5:2, 3, 11)। "ਅਭਮਾਨ" ਅੱਜਕਲ੍ਹ ਆਮਤੌਰ 'ਤੇ ਵਰਤਿਆ ਜਾਣ ਵਾਲਾ ਸ਼ਬਦ ਨਹੀਂ ਹੈ। ਅੰਗ੍ਰੇਜੀ ਦਾ NIV ਅਨੁਵਾਦ ਇਨ੍ਹਾਂ ਆਇਤਾਂ ਵਿੱਚ ਜਾਣੇ-ਪਛਾਣੇ ਸ਼ਬਦਾਂ "ਅਨੰਦ ਮਾਣਦੇ ਹਾਂ" ਦੀ ਵਰਤੋਂ ਕਰਦਾ ਹੈ। ਇਸ ਪੱਤਰ ਦੇ ਅਰੰਭ (2:17, 23; 3:27; 4:2) ਵਿੱਚ "ਅਭਮਾਨ" ਅਤੇ "ਅਨੰਦ ਮਾਣਨ" ਲਈ ਯੂਨਾਨੀ

ਸ਼ਬਦ (καυχάομαι, *ਕਾਊਸ਼ਿਓਮੇਈ)* ਦਾ ਅਨੁਵਾਦ “ਘਮੰਡ” ਵਜੋਂ ਕੀਤਾ ਗਿਆ ਹੈ ਅਤੇ ਕੁਝ ਅਨੁਵਾਦ (NRSV; CJB; JB) ਇੱਥੇ ਉਸੇ ਸ਼ਬਦ ਦੀ ਵਰਤੋਂ ਕਰਦੇ ਹਨ। ਜੋ ਕੁਝ *ਅਸੀਂ* ਕੀਤਾ ਹੈ, ਉਸ ਦਾ ਸਾਨੂੰ ਢਿੰਢੋਰਾ ਪਿੱਟਣ ਦੀ ਕੋਈ ਲੋੜ ਨਹੀਂ ਹੈ, ਪਰ ਉਸ ਦਾ ਢਿੰਢੋਰਾ ਪਿੱਟਣਾ ਗਲਤ ਨਹੀਂ ਹੈ, ਜੋ *ਪਰਮੇਸ਼ੁਰ* ਨੇ ਕੀਤਾ ਹੈ (1 ਕੁਰਿੰਥੀਆਂ 1:31)। 5:11 ਵਿੱਚ ਪੌਲੁਸ ਨੇ ਆਖਿਆ ਕਿ ਅਸੀਂ “ਪਰਮੇਸ਼ੁਰ ਉੱਤੇ ਅਭਮਾਨ [ਘਮੰਡ]” ਕਰਦੇ ਹਾਂ। 15:17 ਵਿੱਚ ਉਸ ਨੇ ਆਖਿਆ ਕਿ “ਪਰਮੇਸ਼ਰੀ ਗੱਲਾਂ ਦੇ ਵਿਖੇ” ਉਸ ਨੂੰ “ਮਸੀਹ ਯਿਸੂ ਵਿੱਚ ਅਭਮਾਨ ਕਰਨ” ਦਾ ਕਾਰਨ ਮਿਲ ਗਿਆ ਹੈ। ਫਿਰ ਵੀ, ਸਾਡੇ ਵਿੱਚੋਂ ਕੁਝ ਲੋਕ “ਅਨੰਦ ਮਾਣਨ” ਜਿਹੇ ਸ਼ਬਦਾਂ ਨੂੰ ਬਿਹਤਰ ਮੰਨਦੇ ਹਨ, ਸੋ ਟਿੱਪਣੀਆਂ ਵਿੱਚ ਇਸੇ ਸ਼ਬਦ ਦੀ ਵਰਤੋਂ ਕੀਤੀ ਜਾਵੇਗੀ।

ਪੌਲੁਸ ਨੇ ਆਖਿਆ ਕਿ ਅਸੀਂ “ਆਸ ਉੱਤੇ” (ἐλπίς, *ਏਲਪਿਸ)* ਅਨੰਦ ਮਾਣਦੇ ਹਾਂ। ਬਾਈਬਲ ਵਿੱਚ ਦਿੱਤੀ ਗਈ ਆਸ ਕੇਵਲ ਇੱਕ ਖੁਸ਼ਫਹਿਮੀ ਨਹੀਂ ਹੈ, ਸਗੋਂ ਚਾਹਤ ਦੇ ਨਾਲ-ਨਾਲ ਇੱਕ ਤਾਂਘ ਵੀ ਹੈ। ਵਿਲਿਅਮ ਬਰਕਲੇ ਦਾ ਵੇਰਵਾ ਇਸ ਪ੍ਰਕਾਰ ਹੈ: “ਮਸੀਹੀ ਆਸ ਕੋਈ ਡੋਲਦੀ ਹੋਈ, ਦੁਚਿੱਤੀ ਆਸ ਨਹੀਂ ਹੈ ਕਿ ਸ਼ਾਇਦ ਪਰਮੇਸ਼ੁਰ ਦੀਆਂ ਪ੍ਰਤਿੱਗਿਆਵਾਂ ਸੱਚ ਹੋ ਸਕਦੀਆਂ ਹਨ। ਇਹ ਭਰੋਸੇਯੋਗ ਤਾਂਘ ਹੈ ਕਿ ਉਹ ਸੱਚ ਤੋਂ ਇਲਾਵਾ ਹੋਰ ਕੁਝ ਹੋ ਹੀ ਨਹੀਂ ਸਕਦੀਆਂ।”[8] ਇਬਰਾਨੀਆਂ ਦੀ ਪੁਸਤਕ ਦੇ ਲਿਖਾਰੀ ਨੇ ਆਖਿਆ ਕਿ ਸਾਡੀ ਆਸ “ਸਾਡੀ ਜਾਨ ਦੇ ਲੰਗਰ” ਦਾ ਕੰਮ ਕਰਦੀ ਹੈ”; ਇਹ “ਸੁਨਿਸ਼ਚਿਤ ਅਤੇ ਅਡੋਲ” ਹੈ (ਇਬਰਾਨੀਆਂ 6:19)।

ਆਪਣੇ ਵਿਚਾਰ ਨੂੰ ਜਾਰੀ ਰੱਖਦਿਆਂ ਪੌਲੁਸ ਨੇ ਆਖਿਆ ਕਿ ਸਾਡੀ ਆਸ “ਪਰਮੇਸ਼ੁਰ ਦੇ ਪਰਤਾਪ [δόξα, *ਡੋਕਸਾ*]” ਉੱਤੇ ਹੈ। ਇਹ ਕਿਸੇ ਦਿਨ ਪਰਮੇਸ਼ੁਰ ਦੇ ਪਰਤਾਪ ਨੂੰ ਵੇਖਣ ਦੀ ਸਾਡੀ ਆਸ ਵੱਲ ਵੀ ਇਸ਼ਾਰਾ ਕਰ ਸਕਦਾ ਹੈ (ਵੇਖੋ ਮਰਕੁਸ 13:26; ਤੀਤੁਸ 2:13)। ਇਸ ਦਾ ਅਰਥ ਸਵਰਗ ਵਿੱਚ ਉਸ ਦੇ ਰੱਬੀ ਪਰਤਾਪ ਦੇ ਹਿੱਸੇਦਾਰ ਬਣਨ ਦੀ ਸਾਡੀ ਆਸ ਵੀ ਹੋ ਸਕਦਾ ਹੈ (ਵੇਖੋ RSV; REB; CJB)। ਰੋਮੀਆਂ 8:17 ਵਿੱਚ ਪੌਲੁਸ ਨੇ ਆਖਿਆ ਕਿ “ਅਸੀਂ ਉਹ ਦੇ ਨਾਲ ਦੁਖ ਝੱਲੀਏ ਭਈ ਉਹ ਦੇ ਨਾਲ ਅਸੀਂ ਵਡਿਆਏ ਜਾਈਏ” (ਵੇਖੋ 8:18; 9:23)। ਦੂਜੇ ਪਾਸੇ, “ਪਰਮੇਸ਼ੁਰ ਦਾ ਪਰਤਾਪ” ਇਸ ਧਰਤੀ ਉੱਤੇ ਪਰਮੇਸ਼ੁਰ ਦੇ ਪਰਤਾਪ ਨੂੰ ਝਲਕਾਉਣ ਦੀ ਸਾਡੀ ਆਸ ਵੱਲ ਵੀ ਇਸ਼ਾਰਾ ਕਰ ਸਕਦਾ ਹੈ। ਮਨੁੱਖਜਾਤੀ ਨੂੰ “ਪਰਮੇਸ਼ੁਰ ਦਾ ਸਰੂਪ ਅਤੇ ਪਰਤਾਪ” ਹੋਣ ਲਈ ਸਿਰਜਿਆ ਗਿਆ ਸੀ (1 ਕੁਰਿੰਥੀਆਂ 11:7; ਵੇਖੋ ਉਤਪਤ 1:26, 27; 9:6; ਯਾਕੂਬ 3:9), ਪਰ ਮਨੁੱਖਜਾਤੀ ਇਕ “ਵਿਗੜਿਆ ਹੋਇਆ ਸਰੂਪ” ਬਣ ਗਈ। ਪਾਪੀ ਲੋਕਾਂ ਨੇ “ਅਬਨਾਸ਼ੀ ਪਰਮੇਸ਼ੁਰ ਦੇ ਪਰਤਾਪ ਨੂੰ ਨਾਸ਼ਵਾਨ ਮਨੁੱਖ ਅਤੇ ਪੰਛੀਆਂ ਅਤੇ ਚੌਪਾਇਆਂ ਅਤੇ ਘਿੱਸਰਨ ਵਾਲੇ ਜੀਉ ਜੰਤ ਦੇ ਰੂਪ ਦੀ ਮੂਰਤ ਨਾਲ ਵਟਾ ਦਿੱਤਾ” (ਰੋਮੀਆਂ 1:23)। ਫਿਰ ਵੀ, ਮਸੀਹ ਦੇ ਰਾਹੀਂ ਅਸੀਂ ਉਹ ਸਭ ਬਣ ਸਕਦੇ ਹਾਂ “ਜੋ ਪਰਮੇਸ਼ੁਰ ਸਾਨੂੰ ਬਣਾਉਣਾ ਚਾਹੁੰਦਾ ਸੀ” (LB)। ਇਹ ਸੰਭਵ ਹੈ ਕਿ “ਪਰਮੇਸ਼ੁਰ ਦਾ ਪਰਤਾਪ” ਉੱਪਰ ਲਿਖੀਆਂ *ਸਭਨਾਂ* ਗੱਲਾਂ ਦੀ ਪੂਰਤੀ ਬਣ ਜਾਵੇ।

**ਆਇਤ 3.** ਜਦੋਂ ਪੌਲੁਸ ਦੇ ਪਾਠਕਾਂ ਨੇ “ਪਰਮੇਸ਼ੁਰ ਵੱਲ ਸ਼ਾਂਤੀ” (5:1) ਰੱਖਣ ਬਾਰੇ ਉਸ ਦੇ ਸ਼ਬਦਾਂ ਉੱਤੇ ਵਿਚਾਰ ਕੀਤਾ, ਤਾਂ ਸ਼ਾਇਦ ਉਨ੍ਹਾਂ ਨੇ ਸੋਚਿਆ, “ਓ, ਇਹ ਤਾਂ ਪੱਕਾ ਹੈ ਕਿ ਜਦੋਂ ਤੱਕ ਸਭਕੁਝ ਸਹੀ ਚੱਲ ਰਿਹਾ ਹੈ, ਉਦੋਂ ਤੱਕ ਆਪਣੇ ਅੰਦਰ ਸ਼ਾਂਤੀ ਅਤੇ ਅਨੰਦ ਅਤੇ ਆਸ ਰੱਖਣਾ ਸੌਖਾ ਹੈ। ਪਰ ਜਦੋਂ ਔਖੇ ਸਮੇਂ ਆਉਣਗੇ ਤਾਂ ਉਦੋਂ ਕੀ ਹੋਵੇਗਾ?” ਪੌਲੁਸ ਜਾਣਦਾ ਸੀ ਕਿ ਔਖੇ ਸਮੇਂ ਆਉਂਦੇ ਹਨ। ਉਸ ਨੇ ਆਪ ਵੀ ਇਨ੍ਹਾਂ ਦਾ ਤਜਰਬਾ ਕੀਤਾ ਸੀ।

ਉਸ ਨੇ ਨਵੇਂ ਵਿਸ਼ਵਾਸੀਆਂ ਨੂੰ ਆਖਿਆ, "ਅਸੀਂ ਬਹੁਤ ਬਿਪਤਾ ਸਹਿ ਕੇ ਪਰਮੇਸ਼ੁਰ ਦੇ ਰਾਜ ਵਿੱਚ ਵੜਨਾ ਹੈ" (ਰਸੂਲਾਂ ਦੇ ਕਰਤੱਬ 14:22)। ਯਿਸੂ ਨੇ ਆਪਣੇ ਚੇਲਿਆਂ ਨੂੰ ਆਖਿਆ, "ਜਗਤ ਵਿੱਚ ਤੁਹਾਨੂੰ ਕਸ਼ਟ ਹੈ" (ਯੂਹੰਨਾ 16:33)। ਜੇਕਰ ਰੋਮ ਦੇ ਮਸੀਹੀ ਲੋਕਾਂ ਨੇ ਅਜੇ ਤੱਕ ਔਖੇ ਸਮਿਆਂ ਦੇ ਸਾਹਮਣਾ ਨਹੀਂ ਕੀਤਾ ਸੀ, ਤਾਂ ਭਵਿੱਖ ਵਿੱਚ ਉਹ ਜ਼ਰੂਰ ਕਰਨਗੇ (ਵੇਖੋ 2 ਤਿਮੋਥਿਉਸ 3:12)।

ਆਇਤ 3 ਇਸ ਤਰ੍ਹਾਂ ਸ਼ੁਰੂ ਹੁੰਦੀ ਹੈ, **ਨਿਰਾ ਇਹੋ ਨਹੀਂ** [ਨਾ ਕੇਵਲ ਅਸੀਂ ਚੰਗੇ ਸਮਿਆਂ ਵਿੱਚ ਅਨੰਦ ਮਾਣੀਏ] **ਸਗੋਂ ਬਿਪਤਾਂ ਵਿੱਚ ਵੀ ਅਭਮਾਨ ਕਰੀਏ** [ਅਨੰਦ ਮਾਣੀਏ]। ਜਿਸ ਯੂਨਾਨੀ ਸ਼ਬਦ ਦਾ ਅਨੁਵਾਦ "ਬਿਪਤਾ" ਵਜੋਂ ਹੋਇਆ ਹੈ, ਉਹ θλῖψις *(ਥਲਿਪਸਿਸ)* ਦਾ ਬਹੁਵਚਨ ਰੂਪ ਹੈ, ਜਿਸ ਦਾ ਸ਼ਾਬਦਿਕ ਅਰਥ ਹੈ "ਦੱਬਣਾ, ਦਬਾਅ।"[9] ਇਸ ਤਰ੍ਹਾਂ ਦੇ ਸ਼ਬਦ ਦੀ ਵਰਤੋਂ ਜੈਤੂਨ ਨੂੰ ਦੱਬ ਕੇ ਤੇਲ ਕੱਢਣ ਜਾਂ ਅੰਗੂਰਾਂ ਨੂੰ ਦੱਬ ਕੇ ਰਸ ਕੱਢਣ ਦਾ ਵੇਰਵਾ ਦੇਣ ਲਈ ਕੀਤੀ ਜਾਂਦੀ ਸੀ। ਨਵੇਂ ਨੇਮ ਵਿੱਚ *ਥਲਿਪਸਿਸ* ਦੀ ਵਰਤੋਂ ਅਲੰਕਾਰਿਕ ਰੂਪ ਵਿੱਚ ਕੀਤੀ ਗਈ ਹੈ, ਜਿਸ ਦਾ ਅਰਥ ਇੱਕ "ਅਜਿਹੀ ਮੁਸੀਬਤ ਹੈ ਜਿਹੜੀ ਵੇਦਨਾ ਲੈ ਕੇ ਆਉਂਦੀ ਹੈ।"[10] AB ਅਨੁਵਾਦ ਨੇ "ਬਿਪਤਾ" ਦੀ ਥਾਂ "ਦਬਾਅ ਅਤੇ ਵੇਦਨਾ ਅਤੇ ਸੰਕਟ" ਦੀ ਵਰਤੋਂ ਕੀਤੀ ਹੈ। ਇੱਕ ਮਸੀਹੀ ਉੱਤੇ ਬਹੁਤ ਸਾਰੀਆਂ ਗੱਲਾਂ ਦਬਾਅ ਪਾ ਸਕਦੀਆਂ ਹਨ, ਜਿਵੇਂ ਕਿ: ਇਕੱਲਾਪਣ, ਬਦਨਾਮੀ, ਦੁਖ, ਗਰੀਬੀ ਅਤੇ ਸਤਾਉ।[11] ਇਸ ਸੰਸਾਰ ਦੇ ਇਤਹਾਸ ਦੇ ਵੱਖ-ਵੱਖ ਸਮਿਆਂ ਦੌਰਾਨ "ਬਿਪਤਾ" ਸ਼ਬਦ ਵਿੱਚ ਮੌਤ ਦੀ ਧਮਕੀ ਸ਼ਾਮਿਲ ਹੁੰਦੀ ਰਹੀ ਹੈ।

ਪੌਲੁਸ ਸਮਝਾਉਂਦਾ ਹੈ ਕਿ ਕਿਵੇਂ ਅਸੀਂ ਘਟਨਾਵਾਂ ਦੀ ਲੜੀ ਦੀ ਰੂਪਰੇਖਾ ਬਣਾ ਕੇ ਬਿਪਤਾਵਾਂ ਵਿੱਚ ਵੀ ਅਨੰਦ ਮਾਣ ਸਕਦੇ ਹਾਂ। ਉਸ ਨੇ ਆਖਿਆ, **ਕਿਉਂ ਜੋ** [ਵਿਸ਼ਵਾਸ ਨਾਲ] **ਇਹ ਜਾਣਦੇ ਹਾਂ ਭਈ ਬਿਪਤਾ ਧੀਰਜ ਪੈਦਾ ਕਰਦੀ ਹੈ।** "ਧੀਰਜ" ਇੱਕ ਸੰਯੁਕਤ ਸ਼ਬਦ ὑπομονή (*ਹੁਪੋਮੋਨ*) ਤੋਂ ਹੈ ਜਿਹੜਾ ὑπό (*ਹੁਪੋ*, "ਹੇਠ") ਅਤੇ μένω (*ਮੇਨੋ*, "ਰਹਿਣਾ") ਨੂੰ ਜੋੜਦਾ ਹੈ। ਇਹ ਸ਼ਬਦ ਔਖੇ ਹਾਲਾਤ "ਹੇਠ ਡਟੇ ਰਹਿਣ" ਦੇ ਵਿਚਾਰ ਨੂੰ ਪੇਸ਼ ਕਰਦਾ ਹੈ। ਇਹ ਕਿਸੇ ਵੀ ਹਾਲਾਤ ਵਿੱਚ ਇੱਕਸਾਰ ਅਤੇ ਅਡੋਲ ਬਣੇ ਰਹਿਣ—ਭਾਵੇਂ ਕੁਝ ਵੀ ਹੋ ਜਾਵੇ ਪਰ ਅਗਾਂਹਾਂ ਵਧਦੇ ਰਹਿਣ—ਦੀ ਕਾਬਲੀਅਤ ਵੱਲ ਇਸ਼ਾਰਾ ਕਰਦਾ ਹੈ। ਬਰਕਲੇ ਨੇ ਇਸ ਸ਼ਬਦ ਦਾ ਅਨੁਵਾਦ "ਸਹਿਣ ਸ਼ਕਤੀ" ਵਜੋਂ ਕੀਤਾ ਅਤੇ ਆਖਿਆ ਕਿ ਇਹ "ਇੱਕ ਅਜਿਹਾ ਸੁਭਾਅ ਹੈ ਜਿਹੜਾ [ਕੇਵਲ] ਨਿਸ਼ਕਿਰਿਆ ਰੂਪ ਵਿੱਚ ਸਹਿੰਦਾ ਨਹੀਂ ਰਹਿੰਦਾ, ਸਗੋਂ ਕਿਰਿਆਸ਼ੀਲ ਹੋ ਕੇ ਜੀਵਨ ਦੇ ਸੰਕਟਾਂ ਅਤੇ ਬਿਪਤਾਵਾਂ 'ਤੇ ਜੇਤੂ ਹੁੰਦਾ ਹੈ।"[12]

**ਆਇਤ 4.** ਅੱਗੇ ਪੌਲੁਸ ਨੇ ਆਖਿਆ ਕਿ **ਧੀਰਜ ਦ੍ਰਿੜ੍ਹਤਾ** ਨੂੰ **ਪੈਦਾ ਕਰਦਾ ਹੈ।** "ਦ੍ਰਿੜ੍ਹਤਾ" δοκιμή *(ਡੋਕੀਮੇ)* ਤੋਂ ਹੈ, "ਇੱਕ ਅਜਿਹਾ ਸ਼ਬਦ, ਜਿਸ ਦੀ ਵਰਤੋਂ ਨਵੇਂ ਨੇਮ ਵਿੱਚ ਕੇਵਲ ਪੌਲੁਸ ਨੇ ਕੀਤੀ ਹੈ . . . ਇਹ δοκιμάζω *[ਡੋਕਿਮਾਜੋ]* ਨਾਲ ਜੁੜਦਾ ਹੈ, ਜਿਸ ਦਾ ਅਰਥ ਹੈ, 'ਪਰਖਣਾ' ਅਤੇ ਪਰਖ ਵਿੱਚ ਖਰੇ ਨਿਕਲਣ ਦੀ ਕੁਆਲਿਟੀ।"[13] ਜਿਸ ਮਸੀਹੀ ਨੇ ਕਦੇ ਵੀ ਗੰਭੀਰ ਸਮੱਸਿਆਵਾਂ ਦਾ ਸਾਹਮਣਾ ਨਹੀਂ ਕੀਤਾ ਹੈ, ਉਹ ਇੱਕ ਅਜਿਹਾ ਮਸੀਹੀ ਹੈ ਜੋ ਪਰਖਿਆ ਨਹੀਂ ਗਿਆ ਹੈ। ਜਿਹੜਾ ਮਸੀਹੀ ਪਰਮੇਸ਼ੁਰ ਦੀ ਮਦਦ ਨਾਲ ਆਪਣੀ ਪਰਖ ਦਾ ਸਾਹਮਣਾ ਕਰ ਚੁੱਕਾ ਹੈ, ਉਹ "ਪਰਖਿਆ" ਅਤੇ "ਪ੍ਰਮਾਣਿਤ" ਮਸੀਹੀ ਹੈ। ਇਸ ਫਰਕ ਨੂੰ ਇੱਕ ਨਵੇਂ ਭਰਤੀ ਹੋਏ ਸਿਪਾਹੀ ਅਤੇ ਜੰਗਾਂ ਲੜ ਚੁੱਕੇ ਰਿਟਾਇਰ ਫੌਜੀ ਵਿਚਕਾਰਲੇ ਫਰਕ ਵਜੋਂ ਸਮਝਿਆ ਜਾ ਸਕਦਾ ਹੈ। ਇਹ ਫਰਕ ਮਸੀਹ ਵਿੱਚ "ਬਾਲਕ" ਹੋਣ ਅਤੇ ਪਰਮੇਸ਼ੁਰ ਦੀ ਇੱਕ "ਪਰਿਪੱਕ" ਸੰਤਾਨ ਹੋਣ ਦਾ ਫਰਕ ਹੈ (ਇਬਰਾਨੀਆਂ 5:13, 14)। "ਦ੍ਰਿੜ੍ਹ ਜਾਂ ਪ੍ਰਮਾਣਿਤ

ਚਰਿੱਤਰ ਵਾਲਾ" ਮਸੀਹੀ ਵਿਸ਼ਵਾਸਯੋਗ ਅਤੇ ਭਰੋਸੇਯੋਗ ਹੁੰਦਾ ਹੈ। ਭਾਈ ਉਸ ਉੱਤੇ ਨਿਰਭਰ ਹੋਣ ਤੋਂ ਝਿਜਕਦੇ ਨਹੀਂ ਹਨ ਕਿਉਂਕਿ ਅਤੀਤ ਵਿੱਚ ਉਸ ਨੇ ਆਪਣੇ ਆਪ ਨੂੰ ਵਫ਼ਾਦਾਰ ਪ੍ਰਮਾਣਿਤ ਕੀਤਾ ਹੈ।

ਪੌਲੁਸ ਆਪਣੀ ਤਰਤੀਬ ਨੂੰ ਇਹ ਆਖ ਕੇ ਸਮਾਪਤ ਕਰਦਾ ਹੈ ਕਿ **ਦ੍ਰਿੜ੍ਹਤਾ ਆਸ** ਪੈਦਾ ਕਰਦੀ ਹੈ। ਜਦੋਂ ਅਸੀਂ ਬਿਪਤਾ ਦਾ ਸਾਹਮਣਾ ਪ੍ਰਭੂ ਉੱਤੇ ਵਿਸ਼ਵਾਸ ਕਰਦਿਆਂ ਕਰਦੇ ਹਾਂ, ਤਾਂ ਅਸੀਂ ਡਟੇ ਰਹਿਣ ਦੇ ਕਾਬਲ ਹੋ ਜਾਂਦੇ ਹਾਂ। ਡਟੇ ਰਹਿ ਕੇ ਅਸੀਂ "ਪਰਖ ਵਿੱਚ ਖਰੇ ਉਤਰਦੇ ਹਾਂ" ਅਤੇ ਆਤਮਿਕ ਜੀਵਨ ਵਿੱਚ ਪਰਿਪੱਕ ਹੁੰਦੇ ਜਾਂਦੇ ਹਾਂ। ਇਹ ਸਾਰੀਆਂ ਗੱਲਾਂ ਸਾਨੂੰ ਹੋਰ ਜ਼ਿਆਦਾ ਯਕੀਨ ਦਿਲਾਉਂਦੀਆਂ ਹਨ ਕਿ ਪਰਮੇਸ਼ੁਰ ਦੀਆਂ ਪ੍ਰਤਿੱਗਿਆਵਾਂ ਸੱਚੀਆਂ ਹਨ (ਵੇਖੋ 2 ਕੁਰਿੰਥੀਆਂ 1:20)। ਪਰਮੇਸ਼ੁਰ ਨੇ ਪ੍ਰਤਿੱਗਿਆ ਕੀਤੀ ਹੈ ਕਿ ਉਹ ਸਾਨੂੰ ਨਾ ਕਦੇ ਛੱਡੇਗਾ ਅਤੇ ਨਾ ਹੀ ਤਿਆਗੇਗਾ (ਇਬਰਾਨੀਆਂ 13:5) ਅਤੇ ਉਸ ਨੇ ਅਜਿਹਾ ਕੀਤਾ ਵੀ ਹੈ। ਪਰਮੇਸ਼ੁਰ ਨੇ ਪ੍ਰਤਿੱਗਿਆ ਕੀਤੀ ਹੈ ਕਿ ਉਹ ਸਾਨੂੰ ਸਾਡੀ ਸ਼ਕਤੀਓਂ ਬਾਹਰ ਪਰਤਾਵੇ ਵਿੱਚ ਨਹੀਂ ਪੈਣ ਦੇਵੇਗਾ (1 ਕੁਰਿੰਥੀਆਂ 10:13) ਅਤੇ ਉਹ ਅਜਿਹਾ ਕਰਦਾ ਵੀ ਹੈ। ਉਸ ਨੇ ਪ੍ਰਤਿੱਗਿਆ ਕੀਤੀ ਹੈ ਕਿ ਉਹ ਸਾਡੇ ਜੀਵਨਾਂ ਵਿੱਚ ਦਿਲਚਸਪੀ ਲਵੇਗਾ ਅਤੇ ਸਾਰੀਆਂ ਗੱਲਾਂ ਵਿੱਚੋਂ ਸਾਡੇ ਲਈ ਭਲਿਆਈ ਹੀ ਕੱਢੇਗਾ (ਰੋਮੀਆਂ 8:28) ਅਤੇ ਉਹ ਆਪਣੇ ਵਚਨਾਂ ਉੱਤੇ ਸੱਚਾ ਰਹਿੰਦਾ ਹੈ। ਇਸ ਤਰ੍ਹਾਂ ਪਰਮੇਸ਼ੁਰ ਅਤੇ ਉਸ ਦੀਆਂ ਪ੍ਰਤਿੱਗਿਆਵਾਂ ਵਿੱਚ ਸਾਡੀ *ਆਸ* ਦਿਨ-ਬ-ਦਿਨ ਵਧਦੀ ਜਾਂਦੀ ਹੈ।

ਪੌਲੁਸ ਦੀ ਤਰਤੀਬ ਦੀ ਸ਼ੁਰੂਆਤ ਆਸ (5:2) ਨਾਲ ਹੋਈ ਸੀ ਅਤੇ ਅੰਤ ਵੀ ਆਸ (5:4) ਨਾਲ ਹੁੰਦਾ ਹੈ। ਸਾਨੂੰ ਇਹ "ਫਾਇਦਿਆਂ ਦੀ ਲੜੀ ਦੇ ਘੇਰੇ" ਵਰਗਾ ਜਾਪ ਸਕਦਾ ਹੈ।[14] ਆਸ ਉਦੋਂ ਮਦਦ ਕਰਦੀ ਹੈ ਜਦੋਂ ਸਾਡੇ ਉੱਤੇ ਬਿਪਤਾ ਹੁੰਦੀ ਹੈ; ਬਿਪਤਾਵਾਂ ਧੀਰਜ ਪੈਦਾ ਕਰਦੀਆਂ ਹਨ; ਧੀਰਜ ਦ੍ਰਿੜ੍ਹਤਾ ਲੈ ਕੇ ਆਉਂਦਾ ਹੈ ਅਤੇ ਦ੍ਰਿੜ੍ਹਤਾ ਆਸ ਲਿਆਉਂਦੀ ਹੈ।

**ਆਇਤ 5.** ਪੌਲੁਸ ਨੇ ਇਹ ਵੀ ਆਖਿਆ ਕਿ **ਆਸ ਸ਼ਰਮਿੰਦਿਆਂ ਨਹੀਂ ਕਰਦੀ**। "ਸ਼ਰਮਿੰਦਾ" καταισχύνω *(ਕਾਟਾਏਸੁਨੋ)* ਤੋਂ ਹੈ, ਜਿਸ ਦਾ ਅਰਥ ਹੈ "ਸਰਮਿੰਦਾ ਕਰਨਾ" (ਵੇਖੋ KJV)। ਇਹ ਇੱਕ ਸੰਯੁਕਤ ਸ਼ਬਦ ਹੈ, ਜਿਸ ਵਿੱਚ αἰσχύνω (*ਆਏਸੁਨੋ*, "ਸ਼ਰਮਿੰਦਾ ਹੋਣਾ") ਉੱਤੇ κατά *(ਕਾਟਾ)* ਵੱਲੋਂ ਜੋਰ ਪਾਇਆ ਗਿਆ ਹੈ। ਇਹ ਸ਼ਬਦ 1:16 ਵਿਚਲੇ "ਸ਼ਰਮਾਉਂਦਾ" ਸ਼ਬਦ ਦੇ ਨਾਲ ਸੰਬੰਧਤ ਹੈ।

ਸਾਡੀ ਆਸ ਸਾਨੂੰ ਕਦੇ ਸ਼ਰਮਿੰਦਾ ਨਹੀਂ ਕਰੇਗੀ; ਇਹ ਸਾਨੂੰ ਨਿਰਾਸ਼ ਨਹੀਂ ਹੋਣ ਦੇਵੇਗੀ। ਉਦੋਂ ਬਹੁਤ ਸ਼ਰਮਿੰਦਗੀ ਮਹਿਸੂਸ ਹੁੰਦੀ ਹੈ ਜਦੋਂ ਅਸੀਂ ਦੂਜਿਆਂ ਨੂੰ ਦੱਸਦੇ ਹਾਂ ਕਿ ਅਸੀਂ ਆਸ ਲਗਾਈ ਬੈਠੇ ਹਾਂ ਅਤੇ ਕੁਝ ਪ੍ਰਾਪਤ ਕਰਨ ਦੀ ਉਡੀਕ ਕਰ ਰਹੇ ਹਾਂ, ਪਰ ਉਹ ਸਾਨੂੰ ਨਹੀਂ ਮਿਲਦੀ—ਪਰੰਤੂ ਰੋਮੀਆਂ 5 ਦੀ ਆਸ ਅਜਿਹੀ ਨਹੀਂ ਹੈ। ਜੋ ਪਰਮੇਸ਼ੁਰ ਨੇ ਪ੍ਰਤਿੱਗਿਆ ਕੀਤੀ ਹੈ, ਉਹ ਜ਼ਰੂਰ ਪੂਰੀ *ਹੋਵੇਗੀ*। ਪ੍ਰਭੂ ਵਿੱਚ ਸਾਡੀ ਆਸ ਸਾਨੂੰ ਨਿਰਾਸ਼ ਨਹੀਂ ਕਰੇਗੀ, ਕਿਉਂਕਿ ਪ੍ਰਭੂ ਸਾਨੂੰ ਨਿਰਾਸ਼ ਨਹੀਂ ਕਰੇਗਾ।

ਮਸੀਹ ਵਿੱਚ ਸਾਡੀ ਆਸ "ਨਿਰਾਸ਼ ਨਹੀਂ ਕਰਦੀ" **ਕਿਉਂਕਿ ਪਰਮੇਸ਼ੁਰ ਦਾ ਪ੍ਰੇਮ ਸਾਡੇ ਹਿਰਦਿਆਂ ਵਿੱਚ ਪਾਇਆ ਗਿਆ ਹੈ**। "ਪਰਮੇਸ਼ੁਰ ਦਾ ਪ੍ਰੇਮ" ਪਰਮੇਸ਼ੁਰ ਦੇ ਪ੍ਰਤੀ ਸਾਡੇ ਪ੍ਰੇਮ ਵੱਲ ਇਸ਼ਾਰਾ ਕਰ ਸਕਦਾ ਹੈ, ਪਰ ਸੰਦਰਭ ਦੱਸਦਾ ਹੈ ਕਿ ਪੌਲੁਸ ਸਾਡੇ ਪ੍ਰਤੀ ਪਰਮੇਸ਼ੁਰ ਦੇ ਪ੍ਰੇਮ ਦੀ ਗੱਲ ਕਰ ਰਿਹਾ ਸੀ। ਇਸ ਪੱਤਰ ਦੇ ਅਰੰਭ ਵਿਚਲੇ ਨਮਸਕਾਰ ਵਿੱਚ "ਪਰਮੇਸ਼ੁਰ ਦੇ ਪਿਆਰੇ" ਲਿਖਿਆ ਗਿਆ ਹੈ, ਜਿੱਥੇ ਇਹ ਪੌਲੁਸ ਦੇ ਮਸੀਹੀ ਪਾਠਕਾਂ ਵੱਲ ਇਸ਼ਾਰਾ ਕਰਦਾ

ਹੈ (1:7)। ਪਰ ਪੱਤਰ ਦੇ ਮੁੱਖ ਸੰਦੇਸ਼ ਵਿੱਚ ਪਰਮੇਸ਼ੁਰ ਦੇ ਪ੍ਰੇਮ ਦਾ ਹਵਾਲਾ ਇੱਥੇ ਪਹਿਲੀ ਵਾਰੀ ਹੋਇਆ ਹੈ। ਰੋਮੀਆਂ ਦਾ ਪੱਤਰ ਹੁਣ ਤੱਕ ਉਹ ਸਭ ਦੱਸਦਾ ਆਇਆ ਹੈ ਜੋ ਪਰਮੇਸ਼ੁਰ ਨੇ ਆਪਣੀ ਕਿਰਪਾ ਵਿੱਚ ਹੋ ਕੇ ਸਾਡੇ ਲਈ ਕੀਤਾ ਹੈ, ਪਰ ਹੁਣ ਇਹ ਪਰਗਟ ਕਰਦਾ ਹੈ ਕਿ ਪਰਮੇਸ਼ੁਰ ਨੇ ਇਹ ਸਭ *ਕਿਉਂ* ਕੀਤਾ: ਕਿਉਂਕਿ ਉਹ ਸਾਨੂੰ *ਪ੍ਰੇਮ ਕਰਦਾ* ਹੈ।

"ਪ੍ਰੇਮ" ਦੇ ਲਈ ਸ਼ਬਦ ἀγάπη *(ਅਗਾਪੇ)* ਹੈ: ਸ਼ਰਤ ਰਹਿਤ ਪ੍ਰੇਮ, ਅਜਿਹਾ ਪ੍ਰੇਮ ਜਿਹੜਾ ਪ੍ਰੇਮੀ ਦੇ ਲਈ ਸਰਬਉੱਤਮ ਚਾਹੁੰਦਾ ਹੈ। ਇਹ ਪ੍ਰੇਮ "ਸਾਡੇ ਹਿਰਦਿਆਂ ਵਿੱਚ ਪਾਇਆ ਗਿਆ ਹੈ।" "ਪਾਇਆ ਗਿਆ" ਯੂਨਾਨੀ ਸ਼ਬਦ ἐκχέω *(ਏਕਖੇਓ)* ਦਾ ਸ਼ਾਬਦਿਕ ਅਨੁਵਾਦ ਹੈ, ਜਿਹੜਾ ἐκ (*ਏਕ*, "ਬਾਹਰ") ਨੂੰ χέω (*ਖੇਓ*, "ਉਲੱਦਣਾ") ਦੇ ਨਾਲ ਜੋੜਦਾ ਹੈ। ਇਹੋ ਸ਼ਬਦ ਰਸੂਲਾਂ ਦੇ ਕਰਤੱਬ 2:33 ਵਿੱਚ ਵੀ ਇਸਤੇਮਾਲ ਕੀਤਾ ਗਿਆ ਹੈ, ਜਿੱਥੇ ਇਹ ਰਸੂਲਾਂ ਨੂੰ ਦਿੱਤੀ ਗਈ ਚਮਤਕਾਰੀ ਯੋਗਤਾਵਾਂ ਬਾਰੇ ਦੱਸਦਾ ਹੈ। ਇੱਥੇ ਇਹ ਪਰਮੇਸ਼ੁਰ ਦੇ ਪ੍ਰੇਮ ਦੀ ਗੱਲ ਕਰਦਾ ਹੈ ਜਿਹੜਾ ਹਰੇਕ ਮਸੀਹੀ ਨੂੰ ਬਖਸ਼ਿਆ ਗਿਆ ਹੈ। "ਪਾਇਆ ਗਿਆ" ਦਰਸ਼ਾਉਂਦਾ ਹੈ ਕਿ ਪਰਮੇਸ਼ੁਰ ਆਪਣੇ ਪ੍ਰੇਮ ਨੂੰ ਲੈ ਕੇ ਕੰਜੂਸ ਨਹੀਂ ਹੈ। ਜੇਮਸ ਡੀ. ਜੀ. ਡੰਨ ਦੇ ਅਨੁਸਾਰ, ਪੌਲੁਸ ਨੇ "ਸੋਕੇ ਦੇ ਮਾਰੇ ਖੇਤਾਂ ਉੱਤੇ ਬੱਦਲ ਫਟਣ ਦੇ ਸਜੀਵ ਰੂਪਕ ਦੀ ਵਰਤੋਂ ਕੀਤੀ ਹੈ।"[15]

ਪੌਲੁਸ ਨੇ ਆਖਿਆ ਕਿ ਇਹ ਪ੍ਰੇਮ **ਪਵਿੱਤਰ ਆਤਮਾ ਦੇ ਵਸੀਲੇ ਨਾਲ ਜੋ ਸਾਨੂੰ ਦਿੱਤਾ ਗਿਆ** "ਸਾਡਿਆਂ ਹਿਰਦਿਆਂ ਵਿੱਚ ਪਾਇਆ ਹੋਇਆ ਹੈ।" ਇਸ ਪੱਤਰ ਵਿੱਚ ਪਵਿੱਤਰ ਆਤਮਾ ਦਾ ਜਿਕਰ ਕਿਤੇ-ਕਿਤੇ ਹੀ ਕੀਤਾ ਗਿਆ ਹੈ (1:4; 2:29), ਪਰ ਇਹ ਪਹਿਲਾ ਹਵਾਲਾ ਹੈ ਜਿਹੜਾ ਮਸੀਹੀ ਲੋਕਾਂ ਦੇ ਜੀਵਨ ਵਿੱਚ ਪਵਿੱਤਰ ਆਤਮਾ ਦੇ ਕੰਮ ਨੂੰ ਦਰਸ਼ਾਉਂਦਾ ਹੈ।[16] ਪਵਿੱਤਰ ਆਤਮਾ ਕਿਸੇ ਵਿਅਕਤੀ ਦੇ ਜੀਵਨ ਵਿੱਚ ਉਦੋਂ ਆਉਂਦਾ ਹੈ ਜਦੋਂ ਉਹ ਧਰਮੀ ਠਹਿਰਾਇਆ ਜਾਂਦਾ ਹੈ, ਜਦੋਂ ਉਹ ਮਸੀਹ ਨੂੰ ਆਪਣਾ ਪ੍ਰਭੂ ਕਬੂਲ ਕਰਦਾ ਹੈ। "ਪਵਿੱਤਰ ਆਤਮਾ . . . ਸਭਨਾਂ ਵਿਸ਼ਵਾਸੀਆਂ ਨੂੰ—ਉਨ੍ਹਾਂ ਦੇ ਨਵੇਂ ਜਨਮ ਵੇਲੇ—ਦਿੱਤਾ ਜਾਂਦਾ ਹੈ,"[17] "ਉਸ ਵੇਲੇ ਜਦੋਂ ਉਹ ਮਸੀਹ ਵਿੱਚ ਬਪਤਿਸਮਾ ਲੈਂਦੇ ਹਨ (ਰਸੂਲਾਂ ਦੇ ਕਰਤੱਬ 2:38)।"[18]

ਪਵਿੱਤਰ ਆਤਮਾ ਦੇ ਕੰਮ ਉੱਤੇ ਰੋਮੀਆਂ 8 ਵਿੱਚ ਚਰਚਾ ਕੀਤੀ ਜਾਵੇਗੀ। ਇੱਥੇ ਉਸ ਦੇ ਕੰਮ ਦਾ ਇੱਕ ਪੱਖ ਦੱਸਿਆ ਗਿਆ ਹੈ: ਪਰਮੇਸ਼ੁਰ ਦਾ ਪ੍ਰੇਮ "ਪਵਿੱਤਰ ਆਤਮਾ ਦੇ ਵਸੀਲੇ ਨਾਲ ਸਾਡੇ ਹਿਰਦਿਆਂ ਵਿੱਚ ਪਾਇਆ ਹੋਇਆ ਹੈ।" ਅਸੀਂ ਇਸ ਬਾਰੇ ਕੋਈ ਸਿਧਾਂਤ ਨਹੀਂ ਬਣਾ ਸਕਦੇ ਕਿ ਪਵਿੱਤਰ ਆਤਮਾ ਇਸ ਨੂੰ *ਕਿਵੇਂ* ਕਰਦਾ ਹੈ। ਪਵਿੱਤਰ ਆਤਮਾ ਆਪਣੇ ਗੈਰ-ਚਮਤਕਾਰੀ ਕੰਮ ਨੂੰ ਮੁੱਖ ਤੌਰ 'ਤੇ ਉਸ ਵਚਨ ਰਾਹੀਂ ਕਰਦਾ ਹੈ ਜੋ ਉਸੇ ਦੀ ਪ੍ਰੇਰਨਾ ਨਾਲ ਲਿਖਿਆ ਗਿਆ ਹੈ (ਅਫ਼ਸੀਆਂ 6:17; 2 ਪਤਰਸ 1:21)। ਕਈ ਆਇਤਾਂ ਇਹ ਦੱਸਦੀਆਂ ਹਨ ਕਿ ਉਹ ਮਸੀਹੀ ਲੋਕਾਂ ਦੇ ਅੰਦਰ ਨਿਵਾਸ ਕਰਦਾ ਹੈ (ਉਦਾਹਰਨ ਵਜੋਂ, ਵੇਖੋ 8:9-11)। ਅੱਗੇ, ਕਿਉਂਕਿ ਪੌਲੁਸ ਨੇ ਰੋਮੀਆਂ 8:26-28 ਵਿੱਚ ਪਵਿੱਤਰ ਆਤਮਾ ਦੇ ਕੰਮ ਨੂੰ ਪਰਮੇਸ਼ੁਰ ਦੀ ਪੂਰਵ ਨਿਰਧਾਰਿਤ ਇੱਛਾ ਦੇ ਨਾਲ ਬੜੀ ਨੇੜਤਾ ਨਾਲ ਜੋੜਿਆ ਹੈ, ਇਸ ਕਰਕੇ ਅਸੀਂ ਵੀ ਇਹ ਆਖ ਸਕਦੇ ਹਾਂ ਕਿ ਪਵਿੱਤਰ ਆਤਮਾ ਪਰਮੇਸ਼ੁਰ ਦੀ ਇੱਛਾ ਅਨੁਸਾਰ ਹੀ ਕੰਮ ਕਰਦਾ ਹੈ। ਉਹ ਸਭਨਾਂ ਘਟਨਾਵਾਂ ਨੂੰ ਇਸ ਤਰ੍ਹਾਂ ਤਰਤੀਬ ਸਿਰ ਠਹਿਰਾਉਂਦਾ ਹੈ ਕਿ ਸਾਡੇ ਜੀਵਨਾਂ ਨੂੰ ਅਸੀਸ ਦੇ ਸਕੇ।

ਤਾਂ ਫਿਰ, ਜਦੋਂ ਪੌਲੁਸ ਨੇ ਆਖਿਆ ਕਿ ਪਰਮੇਸ਼ੁਰ ਦਾ ਪ੍ਰੇਮ ਸਾਡੇ ਹਿਰਦਿਆਂ ਵਿੱਚ ਪਵਿੱਤਰ ਆਤਮਾ ਦੇ ਵਸੀਲੇ ਨਾਲ ਪਾਇਆ ਗਿਆ ਹੈ, ਤਾਂ ਉਸ ਦੇ ਕਹਿਣ ਦਾ ਭਾਵ ਕੀ ਸੀ?

ਉਸ ਦਾ ਭਾਵ ਇਹ ਹੋ ਸਕਦਾ ਹੈ ਕਿ ਪਰਮੇਸ਼ੁਰ ਵੱਲੋਂ ਸਾਨੂੰ ਪਵਿੱਤਰ ਆਤਮਾ ਦਿੱਤਾ ਜਾਣਾ (ਰਸੂਲਾਂ ਦੇ ਕਰਤੱਬ 2:38; 5:32) ਉਸ ਦੇ ਅਸੀਮ ਪ੍ਰੇਮ ਦਾ ਪ੍ਰਮਾਣ ਹੈ। ਪੌਲੁਸ ਦੇ ਅਨੁਸਾਰ ਪਵਿੱਤਰ ਆਤਮਾ ਦਾ ਦਾਨ ਸਾਡੇ ਪੁੱਤਰ ਹੋਣ ਦਾ ਪ੍ਰਮਾਣ ਹੈ (ਗਲਾਤੀਆਂ 4:6)। ਪਵਿੱਤਰ ਆਤਮਾ "ਸਾਡੇ ਅਧਿਕਾਰ ਦੀ ਸਾਈ ਵਜੋਂ ਦਿੱਤਾ ਗਿਆ ਹੈ" (ਅਫ਼ਸੀਆਂ 1:14)—ਸਾਡੀ ਮਿਲਖ ਦੀ "ਸਾਈ" ਵਜੋਂ ਅਤੇ ਉਸ ਮਿਲਖ ਦੀ "ਜਮਾਨਤ" ਵਜੋਂ। ਇਸ ਪ੍ਰਕਾਰ ਆਇਤ 5 ਦੀ ਆਪਣੇ ਸ਼ਬਦਾਂ ਵਿੱਚ ਵਿਆਖਿਆ ਇਵੇਂ ਕੀਤੀ ਜਾ ਸਕਦੀ ਹੈ ਕਿ "ਪਰਮੇਸ਼ੁਰ ਦਾ ਪ੍ਰੇਮ ਪਵਿੱਤਰ ਆਤਮਾ [ਦੇ ਮਹੱਤਵ ਦੇ ਪ੍ਰਤੀ ਸਾਡੀ ਜਾਗਰੂਕਤਾ] ਦੇ ਵਸੀਲੇ ਨਾਲ ਜੋ ਸਾਨੂੰ ਦਿੱਤਾ ਗਿਆ ਸਾਡਿਆਂ ਹਿਰਦਿਆਂ ਵਿੱਚ ਪਾਇਆ ਹੋਇਆ ਹੈ।" ਇਹ ਵਿਆਖਿਆ ਪੌਲੁਸ ਵੱਲੋਂ "ਆਸ" ਉੱਤੇ ਦਿੱਤੇ ਗਏ ਜੋਰ ਦੇ ਨਾਲ ਮੇਲ ਖਾਂਦੀ ਹੈ।

ਇੱਕ ਹੋਰ ਸੰਭਾਵਨਾ ਇਹ ਵੀ ਹੋ ਸਕਦੀ ਹੈ ਕਿ ਆਇਤ 5 ਨੂੰ ਅਗਲੀਆਂ ਆਇਤਾਂ ਦੀ ਰੋਸ਼ਨੀ ਵਿੱਚ ਸਮਝਿਆ ਜਾਣਾ ਚਾਹੀਦਾ ਹੈ। ਪਰਮੇਸ਼ੁਰ ਦੇ ਪ੍ਰੇਮ ਦਾ ਸਰਬਉੱਚ ਉਦਾਹਰਨ ਉਸ ਦੇ ਪੁੱਤਰ ਦਾ ਬਲੀਦਾਨ ਹੈ (5:6-8)। ਇਸ ਨੂੰ ਅਸੀਂ ਪਵਿੱਤਰ ਆਤਮਾ ਦੀ ਪ੍ਰੇਰਨਾ ਨਾਲ ਲਿਖੇ ਗਏ ਵਚਨ ਦੇ ਰਾਹੀਂ ਜਾਣਦੇ ਹਾਂ। ਇਸ ਕਰਕੇ ਪੌਲੁਸ ਦੇ ਕਹਿਣ ਦਾ ਭਾਵ ਇਹ ਵੀ ਹੋ ਸਕਦਾ ਹੈ ਕਿ "ਪਰਮੇਸ਼ੁਰ ਦਾ ਪ੍ਰੇਮ ਪਵਿੱਤਰ ਆਤਮਾ ਦੇ ਵਸੀਲੇ ਨਾਲ ਜੋ ਸਾਨੂੰ ਦਿੱਤਾ ਗਿਆ ਸਾਡਿਆਂ ਹਿਰਦਿਆਂ ਵਿੱਚ ਪਾਇਆ ਹੋਇਆ ਹੈ [ਜਦੋਂ ਅਸੀਂ ਵਚਨ ਵਿੱਚ ਪਰਗਟ ਕੀਤੇ ਗਏ ਉਸ ਦੇ ਪ੍ਰੇਮ ਬਾਰੇ ਸਿੱਖਦੇ ਹਾਂ]।"

ਕਈ ਟਿੱਪਣੀਕਾਰ ਅਜਿਹੀਆਂ ਵਿਆਖਿਆਵਾਂ, ਜਿਵੇਂ ਇੱਥੇ ਦਿੱਤੀਆਂ ਗਈਆਂ ਹਨ, ਵੇਖ ਕੇ ਹੈਰਾਨ ਰਹਿ ਜਾਂਦੇ ਹਨ। ਉਹ ਜੋਰ ਦਿੰਦੇ ਹਨ ਕਿ "ਹਿਰਦਿਆਂ ਵਿੱਚ" ਦਰਸ਼ਾਉਂਦਾ ਹੈ ਕਿ ਪਵਿੱਤਰ ਆਤਮਾ ਦਾ ਇਹ ਕੰਮ ਜ਼ਿਆਦਾ ਵਿਅਕਤੀਗਤ ਅਤੇ ਸਿੱਧਾ ਹੈ। ਪਵਿੱਤਰ ਆਤਮਾ ਵੱਲੋਂ ਉਨ੍ਹਾਂ ਦੇ ਹਿਰਦਿਆਂ ਨੂੰ ਭਰੇ ਜਾਣ ਨੂੰ ਉਹ "ਨਿੱਘੇ ਅਹਿਸਾਸ" ਆਖਦੇ ਹਨ; ਕੁਝ ਤਾਂ ਕਾਫੀ ਗੀਤਾਤਮਕ ਹੋ ਜਾਂਦੇ ਹਨ। ਅਸੀਂ ਇਸ ਗੱਲ ਤੋਂ ਇਨਕਾਰ ਨਹੀਂ ਕਰ ਰਹੇ ਕਿ ਸਾਡੇ ਪ੍ਰਤੀ ਪਰਮੇਸ਼ੁਰ ਦੇ ਪ੍ਰੇਮ ਬਾਰੇ ਜਾਣ ਕੇ ਸਾਡੇ ਅੰਦਰ ਨਿੱਘੇ ਅਹਿਸਾਸ ਆਉਂਦੇ ਹਨ—ਪਰ ਉਨ੍ਹਾਂ ਸਮਿਆਂ ਬਾਰੇ ਕੀ ਆਖਿਆ ਜਾਵੇ ਜਦੋਂ ਅਸੀਂ ਇਨ੍ਹਾਂ "ਨਿੱਘੇ ਅਹਿਸਾਸਾਂ" ਨੂੰ ਮਹਿਸੂਸ *ਨਹੀਂ* ਕਰਦੇ? ਕੀ ਅਸੀਂ ਇਹ ਆਖੀਏ ਕਿ ਪਰਮੇਸ਼ੁਰ ਸਾਨੂੰ ਪ੍ਰੇਮ ਕਰਨਾ ਛੱਡ ਦਿੰਦਾ ਹੈ? ਬਿਲਕੁਲ ਨਹੀਂ। ਇਸ ਦਾ ਕੇਵਲ ਇਹ ਅਰਥ ਹੈ ਕਿ ਅਹਿਸਾਸ ਬਦਲਦੇ ਰਹਿੰਦੇ ਹਨ, ਕਿ ਅਹਿਸਾਸ ਸਾਡੀ ਆਤਮਿਕ ਅਵਸਥਾ ਦੇ ਭਰੋਸੇਯੋਗ ਮਾਪਕ ਨਹੀਂ ਹਨ।

## ਮਸੀਹ ਦੇ ਲਹੂ ਨਾਲ ਧਰਮੀ ਠਹਿਰਾਏ ਗਏ (5:6-11)

**6ਜਦੋਂ ਅਸੀਂ ਨਿਰਬਲ ਹੀ ਸਾਂ ਤਦੋਂ ਮਸੀਹ ਵੇਲੇ ਸਿਰ ਕੁਧਰਮੀਆਂ ਦੇ ਲਈ ਮੋਇਆ।**
**7ਇਹ ਗੱਲ ਤਾਂ ਔਖੀ ਹੈ ਜੋ ਧਰਮੀ ਦੇ ਲਈ ਕੋਈ ਮਰੇ ਪਰ ਕੀ ਜਾਣੀਏ ਜੋ ਭਲੇ ਮਨੁੱਖ**
**ਦੇ ਲਈ ਕੋਈ ਮਰਨ ਨੂੰ ਭੀ ਤਿਆਰ ਹੋ ਜਾਵੇ। 8ਪਰੰਤੂ ਪਰਮੇਸ਼ੁਰ ਆਪਣਾ ਪ੍ਰੇਮ ਸਾਡੇ**
**ਉੱਤੇ ਇਉਂ ਪਰਗਟ ਕਰਦਾ ਹੈ ਭਈ ਜਾਂ ਅਸੀਂ ਅਜੇ ਪਾਪੀ ਹੀ ਸਾਂ ਤਾਂ ਮਸੀਹ ਸਾਡੇ ਲਈ**
**ਮੋਇਆ। 9ਸੋ ਜਦੋਂ ਅਸੀਂ ਹੁਣ ਉਹ ਦੇ ਲਹੂ ਨਾਲ ਧਰਮੀ ਠਹਿਰਾਏ ਗਏ ਤਾਂ ਇਸ ਨਾਲੋਂ**
**ਬਹੁਤ ਵੱਧ ਕੇ ਅਸੀਂ ਉਹ ਦੇ ਰਾਹੀਂ ਉਸ ਕ੍ਰੋਧ ਤੋਂ ਬਚ ਜਾਵਾਂਗੇ। 10ਕਿਉਂਕਿ ਜਦੋਂ ਅਸੀਂ**
**ਵੈਰੀ ਹੋ ਕੇ ਪਰਮੇਸ਼ੁਰ ਨਾਲ ਉਹ ਦੇ ਪੁੱਤਰ ਦੀ ਮੌਤ ਦੇ ਵਸੀਲੇ ਮਿਲਾਏ ਗਏ ਤਾਂ ਮਿਲਾਏ**

**ਜਾ ਕੇ ਅਸੀਂ ਇਸ ਨਾਲੋਂ ਬਹੁਤ ਵੱਧ ਕੇ ਉਹ ਦੇ ਜੀਵਨ ਦੁਆਰਾ ਬਚ ਜਾਵਾਂਗੇ। [11]ਅਤੇ ਨਿਰਾ ਇਹੋ ਨਹੀਂ ਸਗੋਂ ਅਸੀਂ ਪਰਮੇਸ਼ੁਰ ਉੱਤੇ ਭੀ ਆਪਣੇ ਪ੍ਰਭੂ ਯਿਸੂ ਮਸੀਹ ਦੇ ਵਸੀਲੇ ਨਾਲ ਜਿਸ ਕਰਕੇ ਅਸੀਂ ਹੁਣ ਮਿਲਾਏ ਗਏ ਅਭਮਾਨ ਕਰਦੇ ਹਾਂ।**

ਇਹ ਪੈਰਾ—ਖਾਸਤੌਰ 'ਤੇ 6 ਤੋਂ 8 ਆਇਤ ਤੱਕ—"ਪਵਿੱਤਰ ਸ਼ਾਸਤਰ ਵਿੱਚ ਰੱਬੀ ਪ੍ਰੇਮ ਦੀ ਸਭ ਤੋਂ ਗੁੜ੍ਹੀਆਂ ਪਰਿਭਾਸ਼ਾਵਾਂ ਵਿੱਚੋਂ ਇੱਕ"[19] ਨੂੰ ਪੇਸ਼ ਕਰਦਾ ਹੈ।

**ਆਇਤ 6.** ਇਹ ਹਿੱਸਾ ਮਸੀਹ ਤੋਂ ਬਿਨਾ ਮਨੁੱਖਜਾਤੀ ਦੀ ਆਤਮਿਕ ਦਸ਼ਾ ਦਾ ਵੇਰਵਾ ਦਿੰਦੇ ਹੋਏ ਅਰੰਭ ਹੁੰਦਾ ਹੈ: **ਜਦੋਂ ਅਸੀਂ ਨਿਰਬਲ ਹੀ ਸਾਂ।** ਜਿਸ ਸ਼ਬਦ ਦਾ ਅਨੁਵਾਦ "ਨਿਰਬਲ" ਕੀਤਾ ਗਿਆ ਹੈ ਉਹ ἀσθενής *(ਆਸਥੇਨੇਸ)* ਹੈ, ਜੋ ਨਕਾਰਾਤਮਕ α (*ਏ*, "ਤੋਂ ਬਿਨਾ") ਅਤੇ σθενός (*ਸਥੋਨੋਸ*, "ਬਲ") ਤੋਂ ਮਿਲ ਕੇ ਬਣਿਆ ਹੈ। KJV ਇਸ ਦਾ ਅਨੁਵਾਦ "ਨਿਰਬਲ" ਵਜੋਂ ਕਰਦੀ ਹੈ। ਇਹ ਸ਼ਬਦ *ਆਸਥੇਨੇਸ* ਕਮਜੋਰ ਕਰ ਦੇਣ ਵਾਲੇ ਰੋਗ ਵੱਲ ਵੀ ਕਦੇ-ਕਦੇ ਇਸ਼ਾਰਾ ਕਰਦਾ ਹੈ (ਮੱਤੀ 25:43, 44; ਲੂਕਾ 10:9; ਰਸੂਲਾਂ ਦੇ ਕਰਤੱਬ 4:9; 5:15, 16)। ਇਸ ਸੰਦਰਭ ਵਿੱਚ, ਇਹ "ਦੱਸਦਾ ਹੈ ਕਿ ਮਨੁੱਖ ਰੋਗ ਨਾਲ ਪੀੜਤ ਹੈ—ਪਾਪ ਦੇ ਰੋਗ ਦੇ ਕਾਰਨ ਕਰੂਪ ਅਤੇ ਕਮਜੋਰ ਹੈ, ਜਿਸ ਦੇ ਕਾਰਨ ਉਸ ਦੀ ਜਿੰਦਗੀ ਬਰਬਾਦ ਹੋ ਰਹੀ ਹੈ . . . ਪਰਮੇਸ਼ੁਰ ਦੀ ਚੰਗਾਈ ਦੀ ਸ਼ਕਤੀ ਤੋਂ ਬਿਨਾ ਉਸ ਦਾ ਇਹ ਰੋਗ ਘਾਤਕ ਹੈ।"[20] ਇੱਕ ਪੁਰਾਣੀ ਕਹਾਵਤ ਆਖਦੀ ਹੈ, "ਪਰਮੇਸ਼ੁਰ ਉਨ੍ਹਾਂ ਦੀ ਮਦਦ ਕਰਦਾ ਹੈ, ਜੋ ਆਪਣੀ ਮਦਦ ਆਪ ਕਰਦੇ ਹਨ,"[21] ਪਰ ਰੋਮੀਆਂ 5:6 ਆਖਦਾ ਹੈ ਕਿ ਪਰਮੇਸ਼ੁਰ ਉਨ੍ਹਾਂ ਦੀ ਮਦਦ ਕਰਦਾ ਹੈ ਜੋ ਆਪਣੇ ਆਪ ਦੀ ਮਦਦ ਆਪ *ਨਹੀਂ ਕਰ ਸਕਦੇ।* ਮਸੀਹ ਤੋਂ ਬਿਨਾ ਲੋਕ "ਲਾਚਾਰ," ਨਿਰਾਸ਼ ਅਤੇ ਗੁਆਚੇ ਹੋਏ ਹਨ।

ਜਦੋਂ ਸੰਸਾਰ ਲਾਚਾਰੀ ਦੀ ਦਸ਼ਾ ਵਿੱਚ ਸੀ, **ਮਸੀਹ ਵੇਲੇ ਸਿਰ ਮੋਇਆ।** "ਵੇਲੇ ਸਿਰ" καιρός (*ਕਾਇਰੋਸ*) ਤੋਂ ਹੈ, ਇੱਕ ਅਜਿਹਾ ਸ਼ਬਦ ਜੋ ਸਮੇਂ ਵਿੱਚ ਇੱਕ "ਨਿਰਣਾਇਕ ਬਿੰਦੂ" ਵੱਲ ਇਸ਼ਾਰਾ ਕਰਦਾ ਹੈ।[22] "ਵੇਲੇ ਸਿਰ" "ਪਰਮੇਸ਼ੁਰ ਦੀ ਯੋਜਨਾ ਅਤੇ ਉਦੇਸ਼ ਵਿੱਚ ਇੱਕ ਸਹੀ ਸਮੇਂ" ਵੱਲ ਵੀ ਸੰਕੇਤ ਕਰ ਸਕਦਾ ਹੈ (ਵੇਖੋ ਗਲਾਤੀਆਂ 4:4), ਜਾਂ ਇਸ ਦਾ ਅਰਥ "ਉਹ ਸਮਾਂ ਵੀ ਹੋ ਸਕਦਾ ਹੈ ਜਦੋਂ ਮਨੁੱਖ ਲਾਚਾਰੀ ਦੀ ਹੱਦ 'ਤੇ ਪੁੱਜ ਗਿਆ ਹੋਵੇ।"[23] ਲੀਓਨ ਮੌਰਿਸ ਨੇ ਸੁਝਾਅ ਦਿੱਤਾ ਕਿ "ਵੇਲੇ ਸਿਰ" ਵਿੱਚ ਦੋਹੇਂ ਵਿਚਾਰ ਸ਼ਾਮਿਲ ਹਨ: "ਉਹ ਉਸ ਵੇਲੇ ਮਰਿਆ ਜਦੋਂ ਅਸੀਂ ਅਜੇ ਪਾਪੀ ਹੀ ਸਾਂ ਅਤੇ ਉਸ ਵੇਲੇ ਜਿਹੜਾ ਪਰਮੇਸ਼ੁਰ ਦੇ ਉਦੇਸ਼ ਵਿੱਚ ਢੁਕਵਾਂ ਸੀ।"[24]

"ਨਿਰਬਲਾਂ" ਦੇ ਲਈ ਮਰਨ ਤੋਂ ਇਲਾਵਾ, ਆਇਤ 6 ਇਹ ਵੀ ਆਖਦੀ ਹੈ ਕਿ ਮਸੀਹ **ਕੁਧਰਮੀਆਂ ਦੇ ਲਈ ਮੋਇਆ।** "ਕੁਧਰਮੀ" ਸ਼ਬਦ ਮਸੀਹ ਤੋਂ ਬਿਨਾ ਸਾਡੀ ਆਤਮਿਕ ਦਸ਼ਾ ਨੂੰ ਬਿਆਨ ਕਰਦਾ ਹੈ। ਜਿਸ ਯੂਨਾਨੀ ਸ਼ਬਦ ਦਾ ਅਨੁਵਾਦ "ਕੁਧਰਮੀ" ਹੋਇਆ ਹੈ, ਉਹ ἀσέβεια *(ਆਸੇਬਾਯਾ)* ਹੈ। ਅਗੇਤਰ α *(ਏ)* ਸ਼ਬਦ σέβομαι *(ਸੇਬੋਮਾਯ)* ਨਾਲ ਜੁੜਿਆ ਹੈ ਅਤੇ ਇਸ ਦੇ ਅਰਥ ਨੂੰ ਨਕਾਰਾਤਮਕ ਬਣਾ ਰਿਹਾ ਹੈ। *ਸੇਬੋਮਾਯ* ਦਾ ਅਰਥ ਹੈ "ਸ਼ਰਧਾ ਵਿੱਚ ਖੜ੍ਹੇ ਹੋਣਾ," "ਸਤਿਕਾਰ," "ਆਰਾਧਨਾ।" ਇਸ ਪ੍ਰਕਾਰ *ਆਸੇਬਾਯਾ* ਉਨ੍ਹਾ ਲੋਕਾਂ ਦੀ ਗੱਲ ਕਰਦਾ ਹੈ ਜਿਹੜੇ ਪਰਮੇਸ਼ੁਰ ਦੀ ਸ਼ਰਧਾ ਵਿੱਚ ਖੜ੍ਹੇ *ਨਹੀਂ* ਹੁੰਦੇ, ਜਿਹੜੇ ਉਸ ਦਾ ਸਤਿਕਾਰ *ਨਹੀਂ* ਕਰਦੇ, ਜਿਹੜੇ ਉਸ ਦੀ ਆਰਾਧਨਾ ਕਰਨ ਤੋਂ ਇਨਕਾਰ ਕਰਦੇ ਹਨ। ਇਹ ਸਿੱਧਾ ਪਰਮੇਸ਼ੁਰ ਦੀ ਆਪਣੀ ਸ਼ਖਸੀਅਤ ਦਾ ਅਪਮਾਨ ਅਤੇ ਉਸ ਦਾ ਵਿਦ੍ਰੋਹ ਹੈ। ਸਾਡੇ ਵਿੱਚੋਂ ਕੁਝ

ਲੋਕ ਸੋਚ ਸਕਦੇ ਹਨ, "ਇਹ ਤਾਂ ਪੱਕਾ ਹੈ ਕਿ ਇਹ ਮੇਰੇ ਬਾਰੇ ਨਹੀਂ ਆਖ ਰਿਹਾ!" ਪਰ ਇਹ ਕਥਨ ਕਿ "ਮਸੀਹ *ਕੁਧਰਮੀਆਂ* ਦੇ ਲਈ ਮੋਇਆ" (5:6) ਇਸ ਕਥਨ ਦੇ ਸਮਾਨਾਂਤਰ ਹੈ ਕਿ "ਮਸੀਹ *ਸਾਡੇ* ਲਈ ਮੋਇਆ" (5:8)। ਕਹਿਣ ਦਾ ਭਾਵ ਹੈ, "ਕੁਧਰਮੀ" ਬਰਾਬਰ ਹੈ "ਅਸੀਂ"!

**ਆਇਤ 7.** ਆਇਤ 7 ਅਤੇ 8 ਵਿੱਚ ਪਰਮੇਸ਼ੁਰ ਦੇ ਪ੍ਰੇਮ ਦੇ ਅਦਭੁਤ ਸੁਭਾਅ ਉੱਤੇ ਜੋਰ ਦਿੱਤਾ ਗਿਆ ਹੈ। ਆਇਤ 7 ਆਖਦੀ ਹੈ, **ਇਹ ਗੱਲ ਤਾਂ ਔਖੀ ਹੈ ਜੋ ਧਰਮੀ ਦੇ ਲਈ ਕੋਈ ਮਰੇ ਪਰ ਕੀ ਜਾਣੀਏ ਜੋ ਭਲੇ ਮਨੁੱਖ ਦੇ ਲਈ ਕੋਈ ਮਰਨ ਨੂੰ ਭੀ ਤਿਆਰ ਹੋ ਜਾਵੇ।** ਲੋਕ ਇਹ ਸੋਚ ਕੇ ਹੈਰਾਨ ਹੁੰਦੇ ਹਨ ਕਿ "ਧਰਮੀ" (δίκαιος, *ਡਿਕਾਯੋਸ)* ਅਤੇ "ਭਲੇ" (ἀγαθός, *ਅਗਾਥੋਸ)* ਮਨੁੱਖ ਵਿੱਚ ਕੋਈ ਅੰਤਰ ਹੈ ਜਾਂ ਨਹੀਂ—ਅਤੇ ਜੇਕਰ ਹੈ ਤਾਂ ਇਹ ਅੰਤਰ ਕੀ ਹੈ। ਕੁਝ ਲੋਕ ਆਖਦੇ ਹਨ ਕਿ ਕੋਈ ਅੰਤਰ ਨਹੀਂ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਪੌਲੁਸ, ਜੋ ਇਸ ਪੱਤਰ ਨੂੰ ਬੋਲ ਕੇ ਤਰਤਿਯੁਸ ਤੋਂ ਲਿਖਵਾ ਰਿਹਾ ਸੀ (16:22), ਨੇ ਇੱਕ ਕਥਨ ਬੋਲਿਆ ਅਤੇ ਫਿਰ ਉਸ ਨੂੰ ਵਿਸਥਾਰ ਨਾਲ ਸਮਝਾਉਣ ਦਾ ਫੈਸਲਾ ਲਿਆ: "ਅਜਿਹੇ ਵਿਅਕਤੀ ਨੂੰ ਭਾਲਣਾ ਬਹੁਤ ਔਖਾ ਹੋਵੇਗਾ ਜਿਹੜਾ ਕਿਸੇ ਧਰਮੀ [ਭਲੇ] ਵਿਅਕਤੀ ਲਈ ਮਰੇ . . .। ਹਾਂ, ਕਿਸੇ ਭਲੇ [ਧਰਮੀ] ਮਨੁੱਖ ਲਈ *ਸ਼ਾਇਦ* ਕੋਈ ਮਰਨ ਨੂੰ ਰਾਜੀ ਹੋ ਜਾਵੇ . . .। ਪਰ . . .।"

ਪਰ ਜ਼ਿਆਦਾਤਰ ਲਿਖਾਰੀ ਵਿਸ਼ਵਾਸ ਕਰਦੇ ਹਨ ਕਿ ਇਨ੍ਹਾਂ ਦੋਹਾਂ ਸ਼ਬਦਾਂ ਵਿਚਕਾਰ *ਕੁਝ* ਤਾਂ ਫਰਕ ਕੀਤਾ ਜਾਣਾ ਚਾਹੀਦਾ ਹੈ। ਇੱਕ ਸੰਭਾਵਨਾ ਇਹ ਹੋ ਸਕਦੀ ਹੈ ਕਿ "ਧਰਮੀ ਮਨੁੱਖ" ਉਹ ਹੈ ਜਿਹੜਾ ਧਰਮੀ ਜੀਵਨ ਜਿਉਣ ਦਾ ਜਤਨ ਕਰਦਾ ਹੈ, ਪਰ ਉਸ ਨੂੰ ਜ਼ਿਆਦਾ ਪਸੰਦ ਨਹੀਂ ਕੀਤਾ ਜਾਂਦਾ। ਅਫਸੋਸ ਇਸ ਗੱਲ ਦਾ ਹੈ ਕਿ ਸਾਰੇ "ਭਲੇ" ਲੋਕ (ਪੌਲੁਸ ਦੇ ਸ਼ਬਦਾਂ ਵਿੱਚ, "ਧਰਮੀ" ਲੋਕ) ਚੰਗੇ ਨਹੀਂ ਹੁੰਦੇ। ਜੇਕਰ ਪੌਲੁਸ ਇਸ ਪ੍ਰਕਾਰ ਦੀ ਤੁਲਨਾ ਕਰਨਾ ਚਾਹ ਰਿਹਾ ਸੀ, ਤਾਂ "ਭਲਾ ਵਿਅਕਤੀ" ਉਹ ਹੁੰਦਾ ਹੈ, ਜਿਹੜਾ ਨਾ ਕੇਵਲ "ਭਲਾ" ਹੈ, ਪਰ "ਚੰਗਾ"—ਪਸੰਦ ਕਰਨ ਯੋਗ ਅਤੇ ਪ੍ਰੇਮ ਕਰਨ ਯੋਗ—ਵੀ ਹੈ। ਜੇਕਰ ਲੋੜ ਪਵੇ ਤਾਂ ਸਾਡੇ ਵਿੱਚੋਂ ਜ਼ਿਆਦਾਤਰ ਲੋਕ ਪਹਿਲੇ ਦੀ ਬਜਾਇ ਦੂਜੇ ਪ੍ਰਕਾਰ ਦੇ ਵਿਅਕਤੀ ਲਈ ਆਪਣਾ ਬਲੀਦਾਨ ਕਰ ਦੇਣ ਨੂੰ ਜਿਆਰ ਹੋ ਜਾਣਗੇ।

ਇਹ ਗੱਲ ਮਹੱਤਵਪੂਰਣ ਨਹੀਂ ਹੈ ਕਿ ਦੋਹਾਂ ਸ਼ਬਦਾਂ ਵਿੱਚ ਫਰਕ ਕੀਤਾ ਜਾਣਾ ਚਾਹੀਦਾ ਹੈ ਜਾਂ ਨਹੀਂ। ਕਿਸੇ ਵੀ ਹਾਲ ਵਿੱਚ ਪੌਲੁਸ ਦੇ ਕਹਿਣ ਦਾ ਭਾਵ ਇੱਕੋ ਹੀ ਹੈ: ਕੁਝ ਲੋਕ ਦੂਜਿਆਂ ਲਈ ਆਪਣੀ ਜਾਨ ਦੇ ਦਿੰਦੇ ਹਨ। ਅੱਜ ਸਾਡੇ ਫੌਜੀ ਆਪਣੇ ਪਰਿਵਾਰਾਂ, ਮਿੱਤਰਾਂ ਅਤੇ ਦੇਸ਼ ਲਈ ਆਪਣੀ ਜਾਨ ਦੀ ਕੁਰਬਾਨੀ ਦੇ ਦਿੰਦੇ ਹਨ। ਪੁਲੀਸ, ਅੱਗ ਬੁਝਾਊ ਦਸਤੇ ਅਤੇ ਹੋਰ ਹੰਗਾਮੀ ਹਾਲਾਤ ਨਾਲ ਨਜਿੱਠਣ ਵਾਲੇ ਲੋਕ ਦੂਜਿਆਂ ਨੂੰ ਬਚਾਉਣ ਲਈ ਆਪਣੀਆਂ ਜਾਨਾਂ ਖਤਰੇ ਵਿੱਚ ਪਾਉਂਦੇ ਰਹਿੰਦੇ ਹਨ—ਇਨ੍ਹਾਂ ਵਿੱਚੋਂ ਬਹੁਤਿਆਂ ਨੂੰ ਤਾਂ ਉਹ ਜਾਣਦੇ ਵੀ ਨਹੀਂ। ਪਰ ਜੇਕਰ ਨਿਯਮ ਦੀ ਗੱਲ ਕਰੀਏ ਤਾਂ ਲੋਕ ਕੇਵਲ ਉਨ੍ਹਾਂ ਲਈ ਹੀ ਮਰਨ ਨੂੰ ਤਿਆਰ ਹੁੰਦੇ ਹਨ ਜਿਹੜੇ ਉਨ੍ਹਾਂ ਦੇ "ਨਜ਼ਦੀਕੀ ਅਤੇ ਪਿਆਰੇ" ਹਨ।

**ਆਇਤ 8.** ਇਹ ਆਇਤ ਇਸ ਤਰ੍ਹਾਂ ਸ਼ੁਰੂ ਹੁੰਦੀ ਹੈ, **ਪਰੰਤੂ ਪਰਮੇਸ਼ੁਰ ਆਪਣਾ ਪ੍ਰੇਮ ਸਾਡੇ ਉੱਤੇ ਇਉਂ ਪਰਗਟ ਕਰਦਾ ਹੈ।** "ਆਪਣਾ ਪ੍ਰੇਮ" ਪਰਮੇਸ਼ੁਰ ਦਾ ਅਦੁੱਤੀ ਪ੍ਰੇਮ ਹੈ—ਮਨੁੱਖੀ ਪ੍ਰੇਮ ਵਰਗਾ ਨਹੀਂ, ਜਿਸ ਨੂੰ ਅਸੀਂ ਕੇਵਲ ਉਨ੍ਹਾਂ ਲੋਕਾਂ ਲਈ ਰੱਖਦੇ ਹਾਂ, ਜੋ ਸਾਨੂੰ ਪ੍ਰੇਮ ਕਰਦੇ ਹਨ। ਪਰਮੇਸ਼ੁਰ ਨੇ ਯਿਸੂ ਦੀ ਮੌਤ ਵਿੱਚ ਇੱਕ ਵਿਸ਼ੇਸ਼ ਪ੍ਰੇਮ ਨੂੰ ਪਰਗਟ ਕੀਤਾ। ਇਹ

ਉਸ ਦਾ "*ਆਪਣਾ* ਪ੍ਰੇਮ" ਇਸ ਭਾਵ ਵਿੱਚ ਹੈ ਕਿ ਉਸ ਨੇ ਆਪਣਾ ਪੁੱਤਰ ਦੇ ਦਿੱਤਾ, ਪਰ ਇਹ ਉਸ ਨਾਲੋਂ ਕਿਤੇ ਵੱਧ ਕੇ ਹੈ। ਕਿਉਂਕਿ ਪਿਤਾ ਅਤੇ ਪੁੱਤਰ ਇੱਕ ਹਨ (ਯੂਹੰਨਾ 10:30), ਤਾਂ ਜਦੋਂ ਇੱਕ ਕੋਈ ਕੰਮ ਕਰਦਾ ਹੈ ਤਾਂ ਦਰਅਸਲ ਦੂਜਾ ਵੀ ਉਸੇ ਕੰਮ ਨੂੰ ਕਰਦਾ ਹੈ। ਸੋ, ਆਪਣੇ ਪੁੱਤਰ ਨੂੰ ਦੇਣ ਦੇ ਰਾਹੀਂ, ਪਰਮੇਸ਼ੁਰ ਆਪਣੇ ਆਪ ਨੂੰ ਦੇ ਰਿਹਾ ਸੀ।[25] "ਪਰਗਟ ਕੀਤਾ" ਲਈ ਇਸਤੇਮਾਲ ਹੋਇਆ ਯੂਨਾਨੀ ਸ਼ਬਦ (συνίστησιν, *ਸੁਨਿਸਟੇਸਿਨ)* ਵਰਤਮਾਨ ਕਾਲ ਵਿੱਚ ਹੈ ਅਤੇ ਦਰਸ਼ਾਉਂਦਾ ਹੈ ਕਿ ਪਰਮੇਸ਼ੁਰ ਦਿਨ-ਬ-ਦਿਨ ਆਪਣਾ ਪ੍ਰੇਮ ਦਰਸ਼ਾਉਣਾ *ਜਾਰੀ* ਰੱਖਦਾ ਹੈ।

ਸਾਡੇ ਪ੍ਰੇਮ ਅਤੇ ਪਰਮੇਸ਼ੁਰ ਦੇ ਪ੍ਰੇਮ ਵਿਚਲਾ ਸਪੱਸ਼ਟ ਅੰਤਰ ਇਸ ਆਇਤ ਦੇ ਅੰਤ ਵਿੱਚ ਵੇਖਿਆ ਜਾ ਸਕਦਾ ਹੈ: **ਜਾਂ ਅਸੀਂ ਅਜੇ ਪਾਪੀ ਹੀ ਸਾਂ ਤਾਂ ਮਸੀਹ ਸਾਡੇ ਲਈ ਮੋਇਆ।** "ਪਾਪੀ" ἁμαρτία (*ਹਾਮਾਰਟੀਆ)* ਤੋਂ ਆਉਂਦਾ ਹੈ, ਜਿਸ ਦਾ ਅਰਥ ਹੈ "ਨਿਸ਼ਾਨਾ ਚੁੱਕ ਜਾਣਾ।" ਇਹ ਸ਼ਬਦ ਘੋਸ਼ਣਾ ਕਰਦਾ ਹੈ ਕਿ ਪਰਮੇਸ਼ੁਰ ਨੇ ਸਾਡੇ ਲਈ ਜੋ ਨਿਰਧਾਰਿਤ ਕੀਤਾ ਸੀ ਉਸ ਵਿੱਚ ਅਸੀਂ ਵਿਫਲ ਹੋ ਗਏ ਹਾਂ।

ਕਿਉਂਕਿ ਯਿਸੂ "ਸਾਡੇ ਲਈ ਮੋਇਆ," ਇਸ ਲਈ ਅਸੀਂ ਬਚਾਏ ਜਾ ਸਕਦੇ ਹਾਂ। "ਸਾਡੇ ਲਈ" ਦਾ ਅਰਥ "ਸਾਡੇ ਬਦਲੇ" ਜਾਂ "ਸਾਡੀ ਥਾਂ 'ਤੇ" ਵੀ ਹੋ ਸਕਦਾ ਹੈ (ਵੇਖੋ 1 ਕੁਰਿੰਥੀਆਂ 15:3)। ਮਸੀਹ ਨੇ ਆਪਣੇ ਉੱਤੇ ਸਾਡੇ ਪਾਪਾਂ ਦੇ ਦੋਸ਼ ਨੂੰ—ਅਤੇ ਇਸ ਕਰਕੇ ਦੰਡ ਨੂੰ ਵੀ—ਚੁੱਕ ਲਿਆ; ਉਹ ਸਾਡਾ "ਪ੍ਰਾਸਚਿੱਤ" ਠਹਿਰਿਆ (3:25)। ਨਤੀਜੇ ਵਜੋਂ, ਜਦੋਂ ਅਸੀਂ ਯਿਸੂ ਉੱਤੇ ਵਿਸ਼ਵਾਸ ਕਰਦੇ ਹਾਂ ਅਤੇ ਆਗਿਆਕਾਰੀ ਰਾਹੀਂ ਆਪਣੇ ਵਿਸ਼ਵਾਸ ਦੀ ਪੁਸ਼ਟੀ ਕਰਦੇ ਹਾਂ (1:5; 16:26), ਤਾਂ ਪਰਮੇਸ਼ੁਰ ਸਾਡੇ ਪਾਪਾਂ ਨੂੰ ਮਾਫ ਕਰ ਦਿੰਦਾ ਹੈ (4:7) ਅਤੇ ਸਾਨੂੰ ਧਰਮੀ ਗਿਣਦਾ ਹੈ (4:22-24)।

**ਆਇਤ 9.** ਪੌਲੁਸ ਅੱਗੇ ਆਖਦਾ ਹੈ, **ਸੋ ਜਦੋਂ ਅਸੀਂ ਹੁਣ ਉਹ ਦੇ ਲਹੂ ਨਾਲ ਧਰਮੀ ਠਹਿਰਾਏ ਗਏ ਤਾਂ ਇਸ ਨਾਲੋਂ ਬਹੁਤ ਵੱਧ ਕੇ ਅਸੀਂ ਉਹ ਦੇ ਰਾਹੀਂ ਉਸ ਕ੍ਰੋਧ ਤੋਂ ਬਚ ਜਾਵਾਂਗੇ।** ਇਹ ਸ਼ਬਦ "ਇਸ ਨਾਲੋਂ ਬਹੁਤ ਵੱਧ ਕੇ" ਇਨ੍ਹਾਂ ਆਇਤਾਂ ਵਿੱਚ ਦੋ ਵਾਰੀ ਆਏ ਹਨ (5:9, 10)। ਪਰਮੇਸ਼ੁਰ ਸਾਨੂੰ ਅਤੀਤ ਦੇ ਪਾਪਾਂ ਦੇ ਦੋਸ਼ ਤੋਂ ਬਚਾਉਣ ਨਾਲੋਂ ਬਹੁਤ ਵੱਧ ਕੇ ਸਾਡੇ ਲਈ ਕਰਦਾ ਹੈ; ਉਹ ਰੋਜਾਨਾ ਸਾਡੀ ਮਦਦ ਕਰਨਾ ਜਾਰੀ ਰੱਖਦਾ ਹੈ (ਇਬਰਾਨੀਆਂ 13:5, 6)। ਕਿਉਂਕਿ "ਬਚ ਜਾਵਾਂਗੇ" (σωθησόμεθα, *ਸੋਥੇਸੋਮੇਥਾ)* ਭਵਿੱਖ ਕਾਲ ਵਿੱਚ ਹੈ, ਇਸ ਕਰਕੇ ਜ਼ਿਆਦਾਤਰ ਲੋਕ ਮੰਨਦੇ ਹਨ ਕਿ ਇਸ ਆਇਤ ਵਿੱਚ ਆਖਿਆ ਗਿਆ "ਕ੍ਰੋਧ" ਨਿਆਂ ਦੇ ਦਿਨ ਕੁਧਰਮੀਆਂ ਉੱਤੇ ਪੈਣ ਵਾਲਾ ਪਰਮੇਸ਼ੁਰ ਦਾ ਕ੍ਰੋਧ ਹੈ। ਆਇਤ 9 ਪਰਮੇਸ਼ੁਰ ਦੀ ਕਿਰਪਾ ਦੇ ਦੋ ਪੱਖਾਂ ਨੂੰ ਪੇਸ਼ ਕਰਦੀ ਹੈ। ਪਰਮੇਸ਼ੁਰ ਆਪਣੀ ਕਿਰਪਾ ਸਦਕਾ ਸਾਨੂੰ ਉਹ ਦਿੰਦਾ ਹੈ ਜਿਸ ਦੇ ਅਸੀਂ ਲਾਇਕ *ਨਹੀਂ* ਹਾਂ: ਧਰਮੀ ਠਹਿਰਾਏ ਜਾਣਾ। ਪਰਮੇਸ਼ੁਰ ਆਪਣੀ ਕਿਰਪਾ ਸਦਕਾ ਸਾਨੂੰ ਉਹ *ਨਹੀਂ* ਦਿੰਦਾ ਜਿਸ ਦੇ ਅਸੀਂ ਲਾਇਕ *ਹਾਂ*: ਕ੍ਰੋਧ।

ਇੱਕ ਵਾਰ ਫਿਰ ਪੌਲੁਸ ਜੋਰ ਦਿੰਦਾ ਹੈ ਕਿ ਅਸੀਂ "ਉਸ ਦੇ ਰਾਹੀਂ . . . ਬਚਾਏ ਗਏ ਹਾਂ"—ਜਿਸ ਦਾ ਅਰਥ ਹੈ ਮਸੀਹ ਦੇ ਰਾਹੀਂ (ਵੇਖੋ 5:1, 2, 10, 11)। ਅਸੀਂ ਲੇਲੇ ਦੇ ਅਨਮੋਲ ਲਹੂ ਦੁਆਰਾ ਅਤੀਤ ਦੇ ਪਾਪਾਂ ਤੋਂ ਬਚਾਏ ਗਏ ਹਾਂ, ਦਿਨ-ਬ-ਦਿਨ ਬਚਾਏ ਜਾਂਦੇ ਹਾਂ ਅਤੇ ਆਖਿਰਕਾਰ ਸਦੀਪਕਤਾ ਲਈ ਬਚਾਏ ਗਏ ਹਾਂ! ਪਰਕਾਸ਼ ਦੀ ਪੋਥੀ ਦਾ 7 ਅਧਿਆਇ ਬਚਾਏ ਹੋਏ ਲੋਕਾਂ ਦਾ ਪਰਮੇਸ਼ੁਰ ਦੇ ਸਿੰਘਾਸਣ ਦੇ ਚੁਫੇਰੇ ਦਾ ਇੱਕ ਸਜੀਵ ਚਿੱਤਰ ਪੇਸ਼ ਕਰਦਾ ਹੈ ਅਤੇ ਉਨ੍ਹਾਂ ਨੇ ਚਿੱਟੇ ਬਸਤਰ ਪਹਿਨੇ ਹੋਏ ਹਨ। ਉਨ੍ਹਾ ਦਾ ਵੇਰਵਾ ਇਸ ਤਰ੍ਹਾਂ ਦਿੱਤਾ ਗਿਆ ਹੈ

ਕਿ "ਉਨ੍ਹਾਂ ਨੇ ਆਪਣੇ ਬਸਤਰ ਲੇਲੇ ਦੇ ਲਹੂ ਨਾਲ ਧੋਤੇ ਅਤੇ ਚਿੱਟੇ ਕੀਤੇ ਹਨ" (7:14)।

**ਆਇਤ 10.** ਪਰਮੇਸ਼ੁਰ ਦਾ ਪ੍ਰੇਮ ਮਸੀਹ ਵਿੱਚ ਉਸ ਵੇਲੇ ਪਰਗਟ ਹੋਇਆ **ਜਦੋਂ ਅਸੀਂ ਵੈਰੀ** ਸਾਂ। "ਵੈਰੀ" ἐχθρός (*ਐਖ਼ਥ੍ਰੋਸ)* ਤੋਂ ਨਿਕਲਿਆ ਹੈ, ਜਿਹੜਾ ἔχθος (*ਐਖ਼ਥੋਸ)* ਨਾਲ ਸੰਬੰਧਤ ਹੈ, ਜਿਸ ਦਾ ਅਰਥ ਹੈ "ਨਫਰਤ।" *ਐਖ਼ਥ੍ਰੋਸ* ਇੱਕ ਡਾਢਾ ਭਾਵ ਹੈ। ਇਹ ਅਜਿਹੇ ਵਿਅਕਤੀ ਦੀ ਗੱਲ ਨਹੀਂ ਕਰਦਾ ਜਿਹੜਾ ਮਿੱਤਰ ਹੋਣ ਤੋਂ ਜ਼ਰਾ ਚੁੱਕ ਗਿਆ ਹੈ। ਸਗੋਂ ਇਹ ਉਸ ਵਿਅਕਤੀ ਦੀ ਗੱਲ ਕਰਦਾ ਹੈ ਜਿਹੜਾ ਵਿਰੋਧੀ ਧਿਰ ਵਿੱਚ ਹੈ।[26] ਸੀ. ਐਸ. ਲੂਈਸ ਨੇ ਆਖਿਆ, "ਅਸੀਂ ਕੇਵਲ ਅਪੂਰਨ ਪ੍ਰਾਣੀ ਨਹੀਂ ਹਾਂ ਜਿਨ੍ਹਾਂ ਨੂੰ ਸੁਧਾਰ ਦੀ ਲੋੜ ਹੈ; ਅਸੀਂ ਤਾਂ . . . ਵਿਦ੍ਰੋਹੀ ਹਾਂ ਜਿਨ੍ਹਾਂ ਨੂੰ ਆਪਣੇ ਹਥਿਆਰ ਸੁੱਟ ਕੇ ਆਤਮ-ਸਮਰਪਣ ਕਰਨ ਦੀ ਲੋੜ ਹੈ।"[27] ਅਸੀਂ *ਲਾਚਾਰ* ਹਾਂ (5:6) ਪਰ *ਵੈਰੀ* ਹਾਂ (8:7; ਕੁਲੁੱਸੀਆਂ 1:21)। ਇਸ ਦਸ਼ਾ ਨੂੰ ਉਸ ਜ਼ਖਮੀ ਜਾਨਵਰ ਨਾਲ ਤੁਲਨਾ ਕਰਕੇ ਵੇਖਿਆ ਜਾ ਸਕਦਾ ਹੈ, ਜਿਹੜਾ ਉਸ ਦੀ ਮਦਦ ਕਰ ਰਹੇ ਲੋਕਾਂ ਨੂੰ ਹੀ ਵੱਢਦਾ ਅਤੇ ਪੰਜੇ ਮਾਰਦਾ ਹੈ।

"ਨਿਰਬਲ," "ਕੁਧਰਮੀ," "ਪਾਪੀ," "ਵੈਰੀ": ਇਹ ਪ੍ਰਸ਼ੰਸਾ ਵਾਲੇ ਬੋਲ ਤਾਂ ਨਹੀਂ ਜਾਪਦੇ! ਪਰ ਫਿਰ ਵੀ, ਪਰਮੇਸ਼ੁਰ ਨੇ ਸਾਨੂੰ ਪ੍ਰੇਮ ਕੀਤਾ ਅਤੇ ਆਪਣੇ ਪੁੱਤਰ ਨੂੰ ਸਾਡੀ ਖਾਤਰ ਮਰਨ ਲਈ ਭੇਜ ਦਿੱਤਾ। ਮੌਰਿਸ ਨੇ ਆਖਿਆ ਕਿ ਪਰਮੇਸ਼ੁਰ "ਅਸੀਂ ਜੋ ਹਾਂ ਉਸ ਕਰਕੇ ਪ੍ਰੇਮ ਨਹੀਂ ਕਰਦਾ, ਸਗੋਂ ਉਹ ਜੋ ਹੈ ਉਸ ਕਰਕੇ ਪ੍ਰੇਮ ਕਰਦਾ ਹੈ।"[28] ਜੌਨ ਆਰ. ਡਬਲਿਯੂ. ਸਟੌਟ ਨੇ ਲਿਖਿਆ, "ਦਾਨੀ ਨੂੰ ਦਾਨ ਦੀ ਜਿੰਨੀ ਵਧੇਰੇ ਕੀਮਨ ਦੇਣੀ ਪੈਂਦੀ ਹੈ ਅਤੇ ਪ੍ਰਾਪਤ ਕਰਨ ਵਾਲਾ ਉਸ ਦੇ ਜਿੰਨਾ ਘੱਟ ਲਾਇਕ ਹੈ, ਉੱਥੇ ਪ੍ਰੇਮ ਉੰਨਾ ਹੀ ਵਧੇਰੇ ਦਿਖਾਈ ਦਿੰਦਾ ਹੈ। ਜੇਕਰ ਇਨ੍ਹਾਂ ਮਾਪਕਾਂ 'ਤੇ ਪਰਮੇਸ਼ੁਰ ਦੇ ਪ੍ਰੇਮ ਨੂੰ ਮਾਪਿਆ ਜਾਵੇ ਤਾਂ ਮਸੀਹ ਵਿੱਚ ਪਰਮੇਸ਼ੁਰ ਦਾ ਪ੍ਰੇਮ ਪੂਰੀ ਤਰ੍ਹਾਂ ਅਦੁੱਤੀ ਹੈ।"[29]

ਆਇਤ 10 ਅੱਗੇ ਆਖਦੀ ਹੈ, ਅਸੀਂ **ਪਰਮੇਸ਼ੁਰ ਨਾਲ ਉਹ ਦੇ ਪੁੱਤਰ ਦੀ ਮੌਤ ਦੇ ਵਸੀਲੇ ਮਿਲਾਏ ਗਏ।** ਰੋਮੀਆਂ ਦੇ ਪੱਤਰ ਵਿੱਚ ਇੱਕ ਅਦਭੁਤ ਆਤਮਿਕ ਸੌਦੇ ਦੀ ਚਰਚਾ ਕਰਨ ਮਗਰੋਂ ਪੌਲੁਸ "ਮਿਲਾਏ" ਜਾਣ ਬਾਰੇ ਗੱਲ ਸ਼ੁਰੂ ਕਰਦਾ ਹੈ। ਉਸ ਨੇ ਪਹਿਲਾਂ ਆਖਿਆ ਸੀ, ਜਦੋਂ ਅਸੀਂ ਮਸੀਹੀ ਬਣੇ, ਉਦੋਂ ਅਸੀਂ "ਧਰਮੀ ਠਹਿਰਾਏ" ਗਏ (5:1); ਹੁਣ ਉਹ ਆਖਦਾ ਹੈ ਕਿ ਅਸੀਂ "ਮਿਲਾਏ ਗਏ" ਹੈਂ। "ਧਰਮੀ ਠਹਿਰਾਏ ਗਏ" ਅਤੇ "ਮਿਲਾਏ ਗਏ" ਸ਼ਬਦਾਂ ਨੂੰ ਇੱਕ ਦੂਜੇ ਤੋਂ ਵੱਖਰਾ ਨਹੀਂ ਕੀਤਾ ਜਾ ਸਕਦਾ। ਇਹ ਦੋਵੇਂ ਹੀ ਪਰਮੇਸ਼ੁਰ ਦੀ ਸੰਤਾਨ ਬਣਨ ਦੀ ਗੱਲ ਕਰਦੇ ਹਨ, ਪਰ ਫਿਰ ਵੀ ਦੋਵੇਂ ਸ਼ਬਦ ਉਸ ਕੰਮ ਉੱਤੇ, ਜੋ ਪ੍ਰਭੂ ਨੇ ਸਾਡੇ ਲਈ ਕੀਤਾ ਹੈ, ਵਧੇਰੇ ਰੋਸ਼ਨੀ ਪਾਉਂਦੇ ਹਨ।

"ਮਿਲਾਏ ਗਏ" ਲਈ ਇਸਤੇਮਾਲ ਹੋਇਆ ਸ਼ਬਦ καταλλάσσω *(ਕਾਟਾਲਾਸੱੋ)* ਹੈ। ਇਹ ਕਿਰਿਆ ἀλλάσσω (*ਆਲਾਸੱੋ,* "ਬਦਲਣਾ") ਅਤੇ ਉਸ ਉੱਤੇ ਜੋਰ ਪਾਏ ਜਾਣ ਵਾਲੇ κατά (*ਕਾਟਾ*) ਦਾ ਸੰਯੁਕਤ ਰੂਪ ਹੈ। ਇਹ ਸ਼ਬਦ "ਵੈਰ ਨੂੰ ਮਿੱਤਰਤਾ ਵਿੱਚ ਬਦਲੇ ਜਾਣ" ਦੇ ਭਾਵ ਨੂੰ ਪੇਸ਼ ਕਰਦਾ ਹੈ।[30] ਅੰਗ੍ਰੇਜੀ ਦਾ ਸ਼ਬਦ "reconcile" "conciliate" (ਕਿਸੇ ਨੂੰ ਮਿੱਤਰ ਬਣਾਉਣ ਦਾ ਜਤਨ ਕਰਨਾ) ਦੇ ਅੱਗੇ ਅਗੇਤਰ "re" (ਦੁਬਾਰਾ) ਲਗਾ ਦਿੰਦਾ ਹੈ। "reconcile" ਸ਼ਬਦ ਦੀ ਇੱਕ ਚੰਗੀ ਪਰਿਭਾਸ਼ਾ ਇਹ ਹੋ ਸਕਦੀ ਹੈ, "ਦੁਬਾਰਾ ਮਿੱਤਰ ਬਣਾਉਣਾ।" ਇਸ ਦੇ ਅਰਥ ਨੂੰ ਉਨ੍ਹਾਂ ਦੋ ਮਿੱਤਰਾਂ ਦੇ ਉਦਾਹਰਨ ਨਾਲ ਸਮਝਿਆ ਜਾ ਸਕਦਾ ਹੈ ਜਿਹੜੇ ਲੜ ਪੈਂਦੇ ਹਨ। ਉਹ ਇੱਕ ਦੂਜੇ ਨਾਲ ਕਈ ਦਿਨਾਂ ਤੱਕ ਗੱਲ ਨਹੀਂ ਕਰਦੇ; ਉਹ ਇੱਕ ਦੂਜੇ ਤੋਂ ਜੁਦਾ ਹੋ ਗਏ ਹਨ। ਫਿਰ ਇੱਕ ਦਿਨ ਉਹ ਬੈਠ ਕੇ ਆਪਣੇ ਗਿਲੇ-ਸ਼ਿਕਵੇ ਦੂਰ

ਕਰ ਲੈਂਦੇ ਹਨ। ਹੁਣ ਉਹ ਫਿਰ ਤੋਂ *ਮਿਲਾਏ ਗਏ* ਹਨ; ਉਹ ਇੱਕ ਵਾਰ ਫਿਰ ਮਿੱਤਰ ਬਣ ਗਏ ਹਨ।

"ਮਿਲਾਏ ਗਏ" ਸ਼ਬਦ ਸਾਡੇ ਮਨ ਵਿੱਚ ਇਹ ਤੱਥ ਲੈ ਕੇ ਆਉਂਦਾ ਹੈ ਕਿ ਇੱਕ ਸਮਾਂ ਸੀ ਜਦੋਂ ਅਸੀਂ ਪਰਮੇਸ਼ੁਰ ਦੇ ਮਿੱਤਰ ਸਾਂ, ਪਰ ਫਿਰ ਅਸੀਂ ਪਾਪ ਕੀਤਾ ਅਤੇ ਪ੍ਰਭੂ ਤੋਂ ਦੂਰ ਚਲੇ ਗਏ। ਅਸੀਂ ਉਸ ਤੋਂ ਜੁਦਾ ਹੋ ਗਏ। ਯਸਾਯਾਹ ਨੇ ਲਿਖਿਆ,

> ਵੇਖ, ਯਹੋਵਾਹ ਦਾ ਹੱਥ ਛੋਟਾ ਨਹੀਂ ਭਈ ਉਹ ਬਚਾਵੇ ਨਾ,
> ਉਹ ਦੇ ਕੰਨ ਭਾਰੀ ਨਹੀਂ ਭਈ ਉਹ ਸੁਣੇ ਨਾ,
> ਸਗੋਂ ਤੁਹਾਡੀਆਂ ਬਦੀਆਂ ਨੇ ਤੁਹਾਡੇ ਵਿੱਚ
> ਅਤੇ ਤੁਹਾਡੇ ਪਰਮੇਸ਼ੁਰ ਵਿੱਚ ਜੁਦਾਈ ਪਾ ਦਿੱਤੀ ਹੈ,
> ਅਤੇ ਤੁਹਾਡੇ ਪਾਪਾਂ ਨੇ ਉਹ ਦਾ ਮੂੰਹ ਤੁਹਾਥੋਂ ਲੁਕਾ ਦਿੱਤਾ ਹੈ,
> ਭਈ ਉਹ ਨਾ ਸੁਣੇ (ਯਸਾਯਾਹ 59:1, 2)।

ਪਰਮੇਸ਼ੁਰ ਆਪ ਲੋਕਾਂ ਤੋਂ ਦੂਰ ਨਹੀਂ ਹੋਇਆ ਹੈ, ਸਗੋਂ ਲੋਕ ਪਾਪ ਕਰਕੇ ਆਪਣੇ ਆਪ ਨੂੰ ਪਰਮੇਸ਼ੁਰ ਤੋਂ ਦੂਰ ਕਰ ਲੈਂਦੇ ਹਨ। ਹੁਣ ਜਦਕਿ ਇਹ ਗੱਲ ਸੱਚ ਹੈ, ਤਾਂ ਇਹ ਵੀ ਸੱਚ ਹੈ ਕਿ ਪਰਮੇਸ਼ੁਰ ਨੂੰ ਲੋਕਾਂ ਨਾਲ ਮੇਲ ਮਿਲਾਪ ਕਰਨ ਦੀ ਲੋੜ ਨਹੀਂ ਹੈ, ਸਗੋਂ ਲੋਕਾਂ ਨੂੰ ਪਰਮੇਸ਼ੁਰ ਦੇ ਨਾਲ ਮੇਲ ਮਿਲਾਪ ਕਰਨ ਦੀ ਲੋੜ ਹੈ। ਪੌਲੁਸ ਨੇ ਲਿਖਿਆ, "ਅਸੀਂ ਮਸੀਹ ਵੱਲੋਂ ਬੇਨਤੀ ਕਰਦੇ ਹਾਂ ਜੋ ਤੁਸੀਂ ਪਰਮੇਸ਼ੁਰ ਨਾਲ ਮੇਲ ਮਿਲਾਪ ਕਰ ਲਓ" (2 ਕੁਰਿੰਥੀਆਂ 5:20)। ਜ਼ਰੂਰੀ ਹੈ ਕਿ ਅਸੀਂ ਖੁਸ਼ਖਬਰੀ ਦਾ ਜਵਾਬ ਹਾਂ ਵਿੱਚ ਦੇਈਏ, ਜਿਸ ਨੂੰ "ਮੇਲ ਮਿਲਾਪ ਦਾ ਬਚਨ" ਆਖਿਆ ਗਿਆ ਹੈ (2 ਕੁਰਿੰਥੀਆਂ 5:19)। ਜਦੋਂ ਅਸੀਂ ਵਿਸ਼ਵਾਸ ਅਤੇ ਆਗਿਆਕਾਰੀ ਕਰਦੇ ਹਾਂ, ਤਾਂ ਪਰਮੇਸ਼ੁਰ ਸਾਨੂੰ ਬਚਾਏ ਗਏ ਲੋਕਾਂ ਦੀ ਸੰਗਤ ਵਿੱਚ ਜੋੜ ਦਿੰਦਾ ਹੈ (ਰਸੂਲਾਂ ਦੇ ਕਰਤੱਬ 2:38, 41, 47)। ਅਸੀਂ "ਸਲੀਬ ਦੇ ਰਾਹੀਂ ਇੱਕ ਸਰੀਰ ਬਣਾ ਕੇ ਪਰਮੇਸ਼ੁਰ ਨਾਲ ਮਿਲਾਏ ਗਏ ਹਾਂ" (ਅਫ਼ਸੀਆਂ 2:16)। ਇਹ "ਇੱਕ ਸਰੀਰ" "ਕਲੀਸੀਆ" ਹੈ (ਅਫ਼ਸੀਆਂ 1:22, 23)।

ਪੌਲੁਸ ਨੇ ਅੱਗੇ ਆਖਿਆ ਕਿ **ਅਸੀਂ ਉਹ ਦੇ ਜੀਵਨ ਦੁਆਰਾ ਬਚ ਜਾਵਾਂਗੇ**। ਇਹ ਕਹਿਣ ਨਾਲ ਉਸ ਦਾ ਕੀ ਭਾਵ ਸੀ? ਸ਼ਾਇਦ ਉਹ ਯਿਸੂ ਦੇ ਪੁਨਰਉੱਥਾਨ ਬਾਰੇ ਗੱਲ ਕਰ ਰਿਹਾ ਸੀ: ਕਿਉਂਕਿ ਯਿਸੂ ਜਿਉਂਦਾ ਹੈ, ਇਸ ਕਰਕੇ ਅਸੀਂ ਜਾਣਦੇ ਹਾਂ ਕਿ ਪਰਮੇਸ਼ੁਰ ਨੇ ਉਸ ਦੇ ਬਲੀਦਾਨ ਨੂੰ ਸਵੀਕਾਰ ਕੀਤਾ ਹੈ ਅਤੇ ਇਸ ਕਰਕੇ ਅਸੀਂ ਬਚਾਏ ਜਾ ਸਕਦੇ ਹਾਂ। 4:25 ਵਿੱਚ ਪੌਲੁਸ ਨੇ ਜੋਰ ਦੇ ਕੇ ਆਖਿਆ ਕਿ ਮਸੀਹ "ਸਾਨੂੰ ਧਰਮੀ ਠਹਿਰਾਉਣ ਲਈ ਜਿਵਾਲਿਆ ਗਿਆ।" AB ਅਨੁਵਾਦ ਵਿੱਚ ਆਇਤ 10 ਇਸ ਤਰ੍ਹਾਂ ਹੈ, "ਅਸੀਂ ਉਹ ਦੇ [ਪੁਨਰਉੱਥਾਨ ਦੇ] ਜੀਵਨ ਦੁਆਰਾ ਬਚਾਏ ਜਾਵਾਂਗੇ [ਪਾਪ ਦੇ ਅਧਿਕਾਰ ਤੋਂ ਰੋਜਾਨਾ ਛੁਡਾਏ ਜਾਵਾਂਗੇ]।"

ਇੱਕ ਹੋਰ ਸੰਭਾਵਨਾ ਇਹ ਹੈ ਕਿ ਪੌਲੁਸ ਦੇ ਕਹਿਣ ਦਾ ਭਾਵ ਇਹ ਸੀ ਕਿ ਅਸੀਂ "ਉਸ ਦੇ ਜੀਵਨ ਦੇ ਭਾਈਵਾਲ ਬਣਨ ਦੁਆਰਾ" ਬਚਾਏ ਜਾਵਾਂਗੇ (Goodspeed)। 6:8 ਵਿੱਚ ਪੌਲੁਸ ਨੇ ਆਖਿਆ ਕਿ "ਜਦੋਂ ਅਸੀਂ ਮਸੀਹ ਦੇ ਨਾਲ ਮੋਏ ਤਾਂ . . . ਉਹ ਦੇ ਨਾਲ ਜੀਵਾਂਗੇ ਭੀ" (ਵੇਖੋ ਯੂਹੰਨਾ 14:19)। ਪੌਲੁਸ ਨੇ ਗਲਾਤੀਆਂ ਨੂੰ ਆਖਿਆ, "ਹੁਣ ਤੋਂ ਮੈਂ ਤਾਂ ਨਹੀਂ ਜੀਉਂਦਾ ਸਗੋਂ ਮਸੀਹ ਮੇਰੇ ਵਿੱਚ ਜੀਉਂਦਾ ਹੈ" (ਗਲਾਤੀਆਂ 2:20)।

ਬਹੁਤ ਸਾਰੇ ਲੇਖਕ ਪੌਲੁਸ ਦੇ 5:10 ਦੇ ਬਿਆਨ ਨੂੰ ਉਸ ਦੇ 8:34 ਵਿਚਲੇ ਬਾਅਦ ਦੇ

ਬਿਆਨ ਨਾਲ ਜੋੜਦੇ ਹਨ: "ਮਸੀਹ ਯਿਸੂ ਹੀ ਹੈ ਜਿਹੜਾ ਮਰ ਗਿਆ। ਹਾਂ, ਸਗੋਂ ਮੁਰਦਿਆਂ ਵਿੱਚੋਂ ਜਿਵਾਲਿਆ ਗਿਆ ਜਿਹੜਾ ਪਰਮੇਸ਼ੁਰ ਦੇ ਸੱਜੇ ਪਾਸੇ ਹੈ *ਅਤੇ ਸਾਡੇ ਲਈ ਸਫ਼ਾਰਸ਼ ਵੀ ਕਰਦਾ ਹੈ*" (ਜ਼ੋਰ ਦਿੱਤਾ ਗਿਆ ਹੈ)। ਇਬਰਾਨੀਆਂ 7:25 ਨੂੰ ਰੋਮੀਆਂ 5:10 ਤੇ ਇੱਕ ਟਿੱਪਣੀ ਮੰਨਿਆ ਗਿਆ ਹੈ: "ਇਸ ਲਈ ਉਹ ਉਨ੍ਹਾਂ ਦਾ ਜਿਹੜੇ ਉਹ ਦੇ ਰਾਹੀਂ ਪਰਮੇਸ਼ੁਰ ਦੇ ਕੋਲ ਆਉਂਦੇ ਹਨ ਪੂਰਾ ਨਿਸਤਾਰਾ ਕਰ ਸਕਦਾ ਹੈ ਕਿਉਂ ਜੋ ਉਹ ਉਨ੍ਹਾਂ *ਦੀ ਸਫ਼ਾਰਸ਼ ਕਰਨ ਨੂੰ ਸਦਾ ਜੀਉਂਦਾ* ਹੈ" (ਜ਼ੋਰ ਦਿੱਤਾ ਗਿਆ ਹੈ)।

ਇਸ ਗੱਲ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਅਸੀਂ ਪੌਲੁਸ ਦੇ ਬਿਆਨ ਨੂੰ ਕਿਸ ਤਰ੍ਹਾਂ ਵੇਖਦੇ ਹਾਂ, ਪਰ 5:10 ਦਾ ਬਿਆਨ ਇਸ ਗੱਲ ਦੀ ਘੋਸ਼ਣਾ ਕਰਦਾ ਹੈ ਕਿ ਪ੍ਰਭੂ ਦਾ "ਮੁਕਤੀ ਦਾ ਕੰਮ ਸਲੀਬ ਤੇ ਸਮਾਪਤ ਨਹੀਂ ਹੋਇਆ ਸੀ ਪਰ ਉਹ ਲਗਾਤਾਰ ਜਾਰੀ ਹੈ।"[31] ਜਦੋਂ ਅਸੀਂ ਲਗਾਤਾਰ ਯਿਸੂ ਦੇ ਵਚਨ ਦੀ ਰੌਸ਼ਨੀ ਵਿੱਚ ਚੱਲਦੇ ਹਾਂ ਤਾਂ ਉਸ ਦਾ ਲਹੂ ਨਿਰੰਤਰ ਸਾਨੂੰ ਸਭ ਪਾਪਾਂ ਤੋਂ ਸ਼ੁੱਧ ਕਰਦਾ ਰਹਿੰਦਾ ਹੈ (1 ਯੂਹੰਨਾ 1:7; ਵੇਖੋ ਜ਼ਬੂਰ 119:105)। ਯਿਸੂ ਸਾਨੂੰ ਸ਼ਕਤੀ ਦੇਣ ਅਤੇ ਸਾਡੀ ਮਦਦ ਕਰਨ ਦੇ ਲਈ ਸਾਡੇ ਨਾਲ ਰਹਿੰਦਾ ਹੈ (ਮੱਤੀ 11:28; 28:20)। ਉਹ ਹਮੇਸ਼ਾ ਆਪਣੇ ਪਿਤਾ ਦੇ ਸਾਹਮਣੇ ਸਾਡੇ ਪੱਖ ਵਿੱਚ ਸ਼ਫ਼ਾਰਸ਼ ਕਰਦਾ ਰਹਿੰਦਾ ਹੈ (ਇਬਰਾਨੀਆਂ 7:25; ਵੇਖੋ 2:18; 4:14-16)।

ਪੌਲੁਸ ਦਾ ਤਰਕ ਇਹ ਸੀ ਕਿ, ਜੇਕਰ ਪਰਮੇਸ਼ੁਰ ਨੇ ਉਸ ਸਮੇਂ ਜਦੋਂ ਅਸੀਂ ਉਸ ਦੇ *ਵੈਰੀ* ਹੀ ਸਾਂ ਸਾਡੇ ਲਈ ਇੰਨਾ ਕੁਝ ਕੀਤਾ ਸੀ ਤਾਂ, ਹੁਣ ਜਦੋਂ ਅਸੀਂ ਉਸ ਦੇ *ਮਿੱਤਰ* ਹਾਂ ਤਾਂ ਉਹ ਕਿੰਨਾ ਵਧ ਕੇ ਨਾ ਕਰੇਗਾ! ਆਇਤ 8:32 ਵਿੱਚ, ਉਸਨੇ ਇੱਕ ਸਮਾਨ ਤਰਕ ਨੂੰ ਵਰਤਿਆ: "ਜਿਹ ਨੇ ਆਪਣੇ ਪੁੱਤ੍ਰ ਦਾ ਭੀ ਸਰਫ਼ਾ ਨਾ ਕੀਤਾ ਸਗੋਂ ਉਹ ਨੂੰ ਅਸਾਂ ਸਭਨਾਂ ਦੇ ਲਈ ਦੇ ਦਿੱਤਾ ਸੋ ਉਹ ਦੇ ਨਾਲ ਸਾਰੀਆਂ ਵਸਤਾਂ ਵੀ ਸਾਨੂੰ ਕਿੱਕੁਰ ਨਾ ਬਖਸ਼ੇਗਾ?" ਦੂਸਰੇ ਸ਼ਬਦਾਂ ਵਿੱਚ, ਜੇਕਰ ਪਰਮੇਸ਼ੁਰ ਨੇ ਮਹਾਨ ਕੰਮ ਕੀਤਾ ਹੈ, ਤਾਂ ਕੀ ਉਹ ਛੋਟਾ ਕੰਮ ਵੀ ਨਾ ਕਰੇਗਾ? ਪੌਲੁਸ ਨੇ ਇਸ ਭਰੋਸੇ ਦੇ ਨਾਲ ਅਧਿਆਇ ਨੂੰ ਬੰਦ ਕਰ ਦਿੱਤਾ ਕਿ ਭਾਵੇਂ ਜੀਵਨ ਵਿੱਚ ਕੁੱਝ ਵੀ ਕਿਉਂ ਨਾ ਆ ਜਾਵੇ, ਪਰਮੇਸ਼ੁਰ ਹਮੇਸ਼ਾ ਸਾਡੇ ਨਾਲ *ਰਹੇਗਾ* ਅਤੇ ਸਾਡੀ ਮਦਦ ਕਰੇਗਾ:

> ਕੌਣ ਸਾਨੂੰ ਮਸੀਹ ਦੇ ਪ੍ਰੇਮ ਤੋਂ ਅੱਡ ਕਰੇਗਾ? ਕੀ ਬਿਪਤਾ ਯਾ ਕਸ਼ਟ ਯਾ ਅਨ੍ਹੇਰ ਯਾ ਕਾਲ ਯਾ ਨੰਗ ਯਾ ਭੌਜਲ ਯਾ ਤਲਵਾਰ? . . . ਸਗੋਂ ਇਨ੍ਹਾਂ ਸਭਨਾਂ ਗੱਲਾਂ ਵਿੱਚ ਉਹ ਦੇ ਦੁਆਰਾ ਜਿਹ ਨੇ ਸਾਡੇ ਨਾਲ ਪ੍ਰੇਮ ਕੀਤਾ ਸੀ ਅਸੀਂ ਹੱਦੋਂ ਵਧ ਫਤਹ ਪਾਉਂਦੇ ਹਾਂ। ਕਿਉਂ ਜੋ ਮੈਨੂੰ ਪਰਤੀਤ ਹੈ ਭਈ ਨਾ ਮੌਤ, ਨਾ ਜੀਵਨ, ਨਾ ਦੂਤ, ਨਾ ਹਕੂਮਤਾਂ, ਨਾ ਵਰਤਮਾਨ ਵਸਤਾਂ, ਨਾ ਹੋਣ ਵਾਲੀਆਂ ਵਸਤਾਂ, ਨਾ ਸ਼ਕਤੀਆਂ, ਨਾ ਉਚਿਆਈ, ਨਾ ਡੂੰਘਿਆਈ, ਨਾ ਕੋਈ ਹੋਰ ਸਰਿਸ਼ਟੀ ਪਰਮੇਸ਼ੁਰ ਦੇ ਓਸ ਪ੍ਰੇਮ ਤੋਂ ਜਿਹੜਾ ਮਸੀਹ ਯਿਸੂ ਸਾਡੇ ਪ੍ਰਭੂ ਵਿੱਚ ਹੈ ਸਾਨੂੰ ਅੱਡ ਕਰ ਸੱਕੇਗੀ (8:35-39)।

**ਆਇਤ 11.** ਪੌਲੁਸ ਅਨੰਦ ਦੇ ਇੱਕ ਸੁਭਾਵਿਕ ਭਾਵ ਵਿੱਚ ਵਹਿ ਗਿਆ, ਜੋ ਅਨੰਦ ਉਸਨੂੰ ਪ੍ਰਭੂ ਵਿੱਚ ਪ੍ਰਾਪਤ ਹੋਇਆ ਸੀ: **ਸਿਰਫ ਇੰਨਾ ਹੀ ਨਹੀਂ, ਪਰ ਅਸੀਂ ਵੀ ਪਰਮੇਸ਼ੁਰ ਵਿੱਚ ਅਨੰਦ** [ਮਗਨ ਹੁੰਦੇ/ਅਭਮਾਨ] **ਕਰਦੇ ਹਾਂ**। ਪੌਲੁਸ ਦਾ ਅਨੰਦਿਤ ਹੋਣਾ/ਅਭਮਾਨ ਕਰਨਾ ਆਪਣੇ ਆਪ 'ਤੇ ਜਾਂ ਉਸ ਦੁਆਰਾ ਕੀਤੇ ਕਿਸੇ ਕੰਮ 'ਤੇ ਨਹੀਂ, ਸਗੋਂ ਪਰਮੇਸ਼ੁਰ ਵਿੱਚ ਸੀ। ਆਇਤ 2 ਅਤੇ 3 ਵਿੱਚ, ਉਸਨੇ ਉਸ ਲਈ ਅਨੰਦ ਮਨਾਇਆ ਜੋ ਪਰਮੇਸ਼ੁਰ ਮਸੀਹੀ ਲੋਕਾਂ ਦੇ ਲਈ *ਕਰਦਾ* ਹੈ, ਪਰ ਉਸ ਦਾ ਅਨੰਦ ਮਨਾਉਣਾ ਆਸ਼ਿਸ਼ਾਂ ਤੱਕ ਹੀ ਸੀਮਿਤ ਨਹੀਂ

ਸੀ। ਉਹ “ਪਰਮੇਸ਼ੁਰ ਵਿੱਚ” ਵੀ ਅਨੰਦਿਤ ਸੀ: ਇਸ ਗੱਲ ਵਿੱਚ ਕਿ ਪਰਮੇਸ਼ੁਰ ਕੌਣ ਅਤੇ ਕੀ ਹੈ।

ਪੌਲੁਸ ਨੇ ਪਹਿਲਾਂ ਕਿਹਾ ਸੀ ਕਿ ਯਹੂਦੀ ਪਰਮੇਸ਼ੁਰ ਵਿੱਚ “ਘਮੰਡ [ਕਰਦੇ] ਹਨ” (2:17)। ਜਦਕਿ, ਉਹ ਪਰਮੇਸ਼ੁਰ ਤੋਂ ਵੱਧ ਕੇ ਇਸ ਤੱਥ ਤੇ ਭਰੋਸਾ ਕਰਦੇ ਸਨ ਕਿ ਪਰਮੇਸ਼ੁਰ ਨੇ ਉਨ੍ਹਾਂ ਦੀ ਕੌਮ ਨੂੰ ਆਪਣੀ ਖਾਸ ਪਰਜਾ ਹੋਣ ਲਈ ਚੁਣਿਆ ਹੈ। ਪਰਮੇਸ਼ੁਰ ਵਿੱਚ ਉਨ੍ਹਾਂ ਦਾ ਘਮੰਡ ਕਰਨਾ (ਅਨੰਦਿਤ ਹੋਣਾ/ਮਗਨ ਹੋਣਾ) ਸਵੈ-ਕੇਂਦ੍ਰਿਤ ਸੀ, ਜਦਕਿ ਪੌਲੁਸ ਦਾ ਘਮੰਡ ਪਰਮੇਸ਼ੁਰ-ਕੇਂਦ੍ਰਿਤ ਸੀ।

ਜਿਵੇਂ ਹੀ ਪੌਲੁਸ ਨੇ 5:1-11 ਦੀ ਚਰਚਾ ਨੂੰ ਬੰਦ ਕੀਤਾ, ਤਾਂ ਉਸ ਨੇ ਫਿਰ ਇਸ ਗੱਲ ਤੇ ਜ਼ੋਰ ਦਿੱਤਾ ਕਿ ਮੂਲ ਪਾਠ ਦੀਆਂ ਸਾਰੀਆਂ ਆਸ਼ਿਸ਼ਾਂ **ਸਾਡੇ ਪ੍ਰਭੂ ਯਿਸੂ ਮਸੀਹ ਦੇ ਦੁਆਰਾ** ਹਨ (5:1, 2, 9, 10)। ਸਿਰਫ ਉਸ ਦੇ ਰਾਹੀਂ ਹੀ ਪਰਮੇਸ਼ੁਰ ਦੇ ਨਾਲ ਸਾਡਾ ਮੇਲ-ਮਿਲਾਪ ਹੋ ਸਕਿਆ ਹੈ!

ਆਇਤ 11 ਦੇ ਅੰਤ ‘ਤੇ, ਸ਼ਬਦ **ਮੇਲ-ਮਿਲਾਪ**, ਦੀ ਬਜਾਇ, KJV ਵਿੱਚ ਸ਼ਬਦ “atonement” ਹੈ। ਕਈ ਵਾਰ ਪ੍ਰਚਾਰਕ “atonement” ਨੂੰ ਇਸ ਪ੍ਰਕਾਰ ਲਿਖਦੇ ਹਨ: “at-one-ment” ਉਹ ਇਹ ਸੁਝਾਅ ਦਿੰਦੇ ਹਨ ਕਿ ਉਸ ਸ਼ਬਦ ਦਾ ਅਰਥ ਹੈ ਕਿ ਦੋ ਮਿੱਤਰ ਜੋ ਇੱਕ ਸਮੇਂ ਅਲੱਗ-ਅਲੱਗ ਹੋ ਗਏ ਸਨ ਹੁਣ ਇਕਮੁੱਠ (“at one”) ਹੋ ਰਹੇ ਹਨ। ਇਸ ਗੱਲ ਦੀ ਪਰਵਾਹ ਕੀਤੇ ਬਿਨਾਂ ਕਿ ਅਸੀਂ ਇਸ ਨੂੰ ਕਿਵੇਂ ਵਿਅਕਤ ਕਰਦੇ ਹਾਂ, ਸ਼ਬਦ “ਮੇਲ ਮਿਲਾਪ” ਇੱਕ ਅਚਰਜ ਸੱਚਾਈ ਦੀ ਘੋਸ਼ਣਾ ਕਰਦਾ ਹੈ ਕਿ, ਯਿਸੂ ਦੀ ਮੌਤ ਦੇ ਕਾਰਨ, ਪਰਮੇਸ਼ੁਰ ਦੇ ਨਾਲ *ਮਿੱਤਰਤਾ* ਨੂੰ ਬਹਾਲ ਕੀਤਾ ਜਾ ਸਕਦਾ ਹੈ। NCV ਵਿੱਚ ਆਇਤ 10 ਅਤੇ 11 ਦਾ ਇਹ ਅਨੁਵਾਦ ਹੈ: “ਜਦੋਂ ਅਸੀਂ ਪਰਮੇਸ਼ੁਰ ਦੇ ਵੈਰੀ ਹੀ ਸਾਂ, ਤਾਂ ਉਸਨੇ ਆਪਣੇ ਪੁੱਤਰ ਦੀ ਮੌਤ ਦੇ ਦੁਆਰਾ ਸਾਨੂੰ ਆਪਣੇ ਮਿੱਤਰ ਬਣਾ ਲਿਆ . . .। ਉਸ ਦੇ [ਯਿਸੂ ਦੇ] ਰਾਹੀਂ ਹੁਣ ਅਸੀਂ ਦੁਬਾਰਾ ਪਰਮੇਸ਼ੁਰ ਦੇ ਮਿੱਤਰ ਬਣ ਗਏ ਹਾਂ।”

## ਮਸੀਹ ਦੇ ਬਲੀਦਾਨ ਦੀ ਸੰਪੂਰਨ-ਯੋਗਤਾ (5:12-21)[32]

ਰੋਮੀਆਂ 5:12-21 ਸਾਨੂੰ ਇਸ ਗੱਲ ਦਾ ਭਰੋਸਾ ਦਿਵਾਉਂਦਾ ਹੈ ਕਿ ਮਸੀਹ ਨੇ ਉਨ੍ਹਾਂ ਸਾਰੀਆਂ ਸਮੱਸਿਆਵਾਂ ਦਾ ਹੱਲ ਕਰ ਦਿੱਤਾ ਹੈ ਜੋ ਆਦਮ ਨੇ ਮਨੁੱਖ-ਜਾਤੀ ਵਿੱਚ ਲਿਆਂਦੀਆਂ ਸਨ-ਅਤੇ ਹੋਰਨਾਂ ਸਮੱਸਿਆਵਾਂ ਦਾ ਵੀ। ਜੇ. ਡੀ. ਥੌਮਸ ਇਸ ਨੂੰ ਇਸ ਪ੍ਰਕਾਰ ਰੱਖਦਾ ਹੈ: “ਆਦਮ ਦੇ ਵਿੱਚ ਅਸੀਂ ਜੋ ਕੁੱਝ ਗੁਆ ਲਿਆ ਸੀ, . . . ਮਸੀਹ ਵਿੱਚ ਅਸੀਂ ਉਸ ਤੋਂ ਵੱਧ ਕੇ ਪ੍ਰਾਪਤ ਕੀਤਾ ਹੈ . . . । ਮਸੀਹ ਵਿੱਚ ਸਾਡਾ ਲਾਭ ਆਦਮ ਵਿੱਚ ਹੋਏ ਸਾਡੇ ਨੁਕਸਾਨ ਤੋਂ ਕਿਤੇ ਵੱਧ ਕੇ ਹੈ।”[33] ਰੋਮੀਆਂ 5 ਅਧਿਆਇ ਦੇ ਪਿਛਲੇ ਅੱਧ ਦਾ ਮੂਲ ਸੰਦੇਸ਼ ਇਹੋ ਹੀ ਹੈ।

ਜਦ ਕਿ, ਇਸ ਹਵਾਲੇ ਦੇ ਵੇਰਵੇ ਦੀ, ਵਿਆਖਿਆ ਕਰਨਾ ਬਹੁਤ ਹੀ ਔਖਾ ਹੈ। ਮੋਜਸ ਈ. ਲਾੱਰਡ ਇਸ ਨੂੰ “ਪੱਤ੍ਰੀ ਦੇ ਸਭ ਤੋਂ ਮੁਸ਼ਕਲ ਹਵਾਲਿਆਂ ਵਿੱਚੋਂ ਇੱਕ” ਕਹਿੰਦਾ ਹੈ।[34] ਰਿਚਰਡ ਰੋਜ਼ਰਸ ਨੇ ਕਿਹਾ ਹੈ ਕਿ ਕੁੱਝ ਲੋਕ “ਰੋਮੀਆਂ 5:12-21 ਨੂੰ ਸੰਪੂਰਣ ਬਾਈਬਲ ਦਾ ਸਭ ਤੋਂ ਮੁਸ਼ਕਲ ਹਵਾਲਾ ਮੰਨਦੇ ਹਨ।”[35] ਆਇਤ 12 ‘ਤੇ ਟਿੱਪਣੀ ਕਰਦੇ ਹੋਏ, ਡਗਲਸ ਜੇ. ਮੂ ਨੇ ਕਿਹਾ ਹੈ ਕਿ “ਹਰ ਸ਼ਬਦ—ਇੱਥੋਂ ਤੱਕ ਕਿ ਹਰ ਵਿਰਾਮ ਚਿੰਨ੍ਹ! —ਬਹੁਤ ਜ਼ਿਆਦਾ ਵਿਵਾਦ ਭਰਿਆ ਹੈ।”[36]

ਬਹੁਤ ਸਾਰੇ ਕਾਰਣਾਂ ਕਰਕੇ, ਰੋਮੀਆਂ 5:12-21 ਦੇ ਵਚਨ ਟਿੱਪਣੀਕਾਰਾਂ ਦੇ ਲਈ

ਚੁਣੌਤੀਆਂ ਪੇਸ਼ ਕਰਦੇ ਹਨ। ਇੱਕ ਕਾਰਣ ਪੌਲੁਸ ਦੀ ਸ਼ੈਲੀ ਹੈ। ਕਦੀ ਕਦੀ, ਉਸਨੇ ਇੱਕ ਵਾਕ ਨੂੰ ਵੀ ਪੂਰਾ ਨਹੀਂ ਕੀਤਾ, ਜਿਵੇਂ ਆਇਤ 12 ਦੇ ਅੰਤ ਵਿੱਚ ਹੈ। ਇਸਦੇ ਨਾਲ ਹੀ, ਉਹ ਇੱਕ ਵਿਚਾਰ ਤੋਂ ਦੂਜੇ ਅਤੇ ਦੂਜੇ ਤੋਂ ਤੀਜੇ ਵਿੱਚ ਚਲਾ ਜਾਂਦਾ ਹੈ; ਉਹ ਬਿਆਨ ਜੋ ਆਇਤ 12 ਵਿੱਚ ਸ਼ੁਰੂ ਹੋਇਆ ਉਹ ਆਇਤ 18 ਤੱਕ ਪੂਰਾ ਹੀ ਨਹੀਂ ਹੋਇਆ ਹੈ। ਫਿਰ, ਉਸਨੇ ਕਿਰਿਆਵਾਂ ਅਤੇ ਹੋਰ ਮੁੱਖ ਸ਼ਬਦਾਂ ਨੂੰ ਬਾਹਰ ਛੱਡ ਦਿੱਤਾ ਹੈ, ਖਾਸ ਤੌਰ ਤੇ ਆਇਤ 16 ਵਿੱਚ।[37] ਹੋਰ, ਹਵਾਲੇ ਵਿੱਚ ਪੌਲੁਸ ਦਾ ਥੋੜਾ- ਬਹੁਤਾ ਉਦੇਸ਼, ਆਦਮ ਅਤੇ ਮਸੀਹ ਦੇ ਵਿਚਕਾਰ ਸਮਾਨਤਾ ਦੀ ਰਚਨਾ ਕਰਨਾ ਹੈ। ਕਈ ਵਾਰ ਉਸ ਨੇ ਇਸ਼ਾਰਾ ਦਿੱਤਾ ਹੈ ਕਿ ਉਹ ਵੱਖਰੇ ਵੱਖਰੇ ਹਨ। ਕਈ ਜਗਾਵਾਂ ਤੇ, ਬਿਲਕੁਲ ਵੀ ਤੁਲਨਾ ਨਹੀਂ ਕੀਤੀ ਗਈ ਹੈ।

ਆਮ ਤੌਰ ਤੇ ਇਹ ਮੰਨਿਆ ਜਾਂਦਾ ਹੈ ਕਿ ਖੰਡ ਬਹੁਤ ਹੀ ਸੰਖੇਪ ਹੈ।[38] ਪੌਲੁਸ ਦੇ ਤਰਕ ਇੰਨੇ ਸੰਖੇਪ ਹੋਣ ਦੇ ਕਾਰਨ, ਉਸ ਦੇ ਵਿਚਾਰਾਂ ਨੂੰ ਸਮਝਣ ਦੇ ਲਈ ਪਾਠ ਦਾ ਵਿਸਥਾਰ ਕਰਨਾ ਜ਼ਰੂਰੀ ਹੈ। ਸਮੱਸਿਆ ਇਹ ਹੈ ਕਿ ਅਸੀਂ ਇਸ ਗੱਲ ਲਈ ਨਿਸ਼ਚਤ ਨਹੀਂ ਹੋ ਸਕਦੇ ਕਿ ਕਿਹੜੇ ਸ਼ਬਦਾਂ ਦੀ ਲੋੜ ਹੈ। ਨਤੀਜੇ ਵਜੋਂ, ਅਸੀਂ "ਬਾਈਬਲ ਦੇ ਹੋਰਨਾਂ ਭਾਗਾਂ ਤੋਂ ਪ੍ਰਾਪਤ ਕੀਤੇ ਗਏ ਦ੍ਰਿੜ ਨਿਸ਼ਚਿਆਂ" ਦੇ ਨਾਲ "ਖਾਲੀ ਸਥਾਨਾਂ ਨੂੰ ਭਰਨ ਦੀ ਕੋਸ਼ਿਸ਼ ਕਰਦੇ ਹਾਂ।"[39]

ਪੌਲੁਸ ਦੀ ਸ਼ੈਲੀ ਅਤੇ ਉਸ ਦੇ ਸ਼ਬਦਾਂ ਨੂੰ ਸੰਪੂਰਨ ਕਰਨ ਦੀ ਲੋੜ ਪਾਠ ਦੇ ਪ੍ਰਮੁੱਖ ਮਤਭੇਦ ਦਾ ਨਤੀਜਾ ਹੈ। ਇੱਥੋਂ ਤੱਕ ਕਿ ਯੋਗ ਵਿਦਵਾਨ ਵੀ ਅਜਿਹੇ ਪ੍ਰਸ਼ਨਾਂ ਦੇ ਲਈ ਜੋ ਹੇਠਾਂ ਦਿੱਤੇ ਗਏ ਹਨ ਸਹਿਮਤ ਨਹੀਂ ਹਨ। ਕੀ ਆਇਤ 12 ਦੀ "ਮੌਤ" ਸਰੀਰਕ ਮੌਤ, ਆਤਮਿਕ ਮੌਤ, ਜਾਂ ਦੋਵਾਂ ਦਾ ਕੋਈ ਸੁਮੇਲ ਹੈ? ਕੀ ਆਇਤ 12 ਵਿੱਚ "ਸਭਨਾਂ ਨੇ ਪਾਪ ਕੀਤਾ" ਵਿਅਕਤੀਗਤ ਪਾਪ ਨੂੰ ਦਰਸਾਉਂਦਾ ਹੈ ਜਿਵੇਂ 3:23 ਵਿੱਚ ਹੈ, ਜਾਂ ਇਨ੍ਹਾਂ ਸ਼ਬਦਾਂ ਦਾ ਅਰਥ ਕੁੱਝ ਹੋਰ ਹੀ ਹੈ? ਲੇਖਕਾਂ ਦੇ ਸੰਬੰਧ ਵਿੱਚ ਇਸ ਪ੍ਰਕਾਰ ਦੇ ਮਤਭੇਦ ਰੋਮੀਆਂ ਦੀ ਪੱਤ੍ਰੀ ਦੇ ਆਰੰਭਿਕ ਵਿਦਿਆਰਥੀਆਂ ਦੇ ਲਈ ਨਿਰਾਸ਼ਾਜਨਕ ਹੋ ਸਕਦੇ ਹਨ।

ਆਖਰਕਾਰ, 5:12-21 ਦੀ ਵਿਆਖਿਆ ਕਰਨ ਦਾ ਸਾਡਾ ਕੰਮ ਇਸ ਤੱਥ ਦੇ ਕਾਰਨ ਗੁੰਝਲਦਾਰ ਹੈ ਕਿਉਂਕਿ ਉਹ ਲੋਕ ਜੋ ਗਲਤ ਸਿਧਾਂਤਾਂ ਨੂੰ ਪ੍ਰਫੁੱਲਤ ਕਰਦੇ ਹਨ ਉਹ ਇਸ ਹਵਾਲੇ ਦੇ ਅਸਪੱਸ਼ਟ ਪਹਿਲੂਆਂ ਦਾ ਲਾਭ ਉਠਾਉਂਦੇ ਹਨ। ਲੈਰੀ ਡੀਸਨ ਨੇ ਸੁਝਾਅ ਦਿੱਤਾ ਹੈ ਕਿ ਇਹ ਪਾਠ "ਸ਼ਾਇਦ ਸੰਪੂਰਨ ਬਾਈਬਲ ਦੇ ਸਭ ਤੋਂ ਵੱਧ ਗਲਤ ਉਪਯੋਗ ਹੋਣ ਵਾਲੇ ਹਵਾਲਿਆਂ ਵਿੱਚੋਂ ਇੱਕ ਹੈ।"[40] ਆਓ, ਜੋ ਇਹ ਪਾਠ ਸਿਖਾਉਂਦਾ ਹੈ, ਉਸ ਤੇ ਗੰਭੀਰਤਾ ਨਾਲ ਧਿਆਨ ਦਿੰਦੇ ਹੋਏ, ਪ੍ਰਾਰਥਨਾ ਦੇ ਨਾਲ ਇਸ 'ਤੇ ਵਿਚਾਰ ਕਰੀਏ।

**ਆਦਮ ਅਤੇ ਮਸੀਹ ਦੀ ਜਾਣ-ਪਛਾਣ (5:12-14)**

**12ਇਸ ਲਈ ਜਿਵੇਂ ਇੱਕ ਮਨੁੱਖ ਤੋਂ ਪਾਪ ਸੰਸਾਰ ਵਿੱਚ ਆਇਆ ਅਤੇ ਪਾਪ ਤੋਂ ਮੌਤ ਆਈ ਅਤੇ ਇਸੇ ਤਰ੍ਹਾਂ ਮੌਤ ਸਭਨਾਂ ਮਨੁੱਖਾਂ ਵਿੱਚ ਫੈਲਰ ਗਈ ਏਸ ਲਈ ਜੋ ਸਭਨਾਂ ਨੇ ਪਾਪ ਕੀਤਾ। 13ਸ਼ਰਾ ਦੇ ਸਮੇਂ ਤੀਕ ਪਾਪ ਤਾਂ ਸੰਸਾਰ ਵਿੱਚ ਹੈਸੀ ਪਰ ਜਿੱਥੇ ਸ਼ਰਾ ਨਹੀਂ ਉੱਥੇ ਪਾਪ ਦਾ ਲੇਖਾ ਨਹੀਂ ਹੁੰਦਾ। 14ਤਾਂ ਵੀ ਆਦਮ ਤੋਂ ਲੈ ਕੇ ਮੂਸਾ ਤਾਈਂ ਮੌਤ ਨੇ ਉਨ੍ਹਾਂ ਉੱਤੇ ਭੀ ਰਾਜ ਕੀਤਾ ਜਿਨ੍ਹਾਂ ਆਦਮ ਦੇ ਅਪਰਾਧ ਵਰਗਾ ਪਾਪ ਨਹੀਂ ਸੀ ਕੀਤਾ। ਇਹ ਆਦਮ ਆਉਣ ਵਾਲੇ ਦਾ ਨਮੂਨਾ ਸੀ।**

**ਆਇਤ 12.** ਅੰਸ਼ ਵਿਚਲਾ ਵਿਵਾਦ ਪਹਿਲੇ ਸ਼ਬਦ: **ਇਸ ਲਈ** ਦੇ ਨਾਲ ਹੀ ਸ਼ੁਰੂ ਹੋ ਜਾਂਦਾ ਹੈ। "ਇਸ ਲਈ" ਇਸ ਭਾਗ ਨੂੰ ਪਹਿਲਾਂ ਆ ਚੁੱਕੇ ਭਾਗ ਨਾਲ ਜੋੜਦਾ ਹੈ—ਪਰ ਉਹ ਸੰਬੰਧ ਕੀ ਹੈ? ਕੁੱਝ ਲੋਕ ਹਵਾਲੇ ਨੂੰ ਪਹਿਲਾਂ ਆ ਚੁੱਕੀ ਆਇਤ (5:11) ਜਾਂ ਪਿਛਲੇ ਭਾਗ (5:1-11) ਨਾਲ ਜੋੜਦੇ ਹਨ। ਹੋਰ ਇਹ ਵਿਸ਼ਵਾਸ ਕਰਦੇ ਹਨ ਕਿ, ਕਿਸੇ ਤਰੀਕੇ ਦੇ ਨਾਲ, ਸਾਡਾ ਪਾਠ ਪਹਿਲੇ ਚਾਰ ਅਧਿਆਇਆਂ ਦਾ ਸਾਰ ਕਰਦਾ ਹੈ। ਉਦਾਹਰਣ ਦੇ ਲਈ, ਕੁੱਝ ਲੋਕ ਨੋਟ ਕਰਦੇ ਹਨ ਕਿ ਪੱਤ੍ਰੀ ਵਿਚਲੇ ਪਹਿਲੇ ਦੋ ਵਿਸ਼ੇ "ਸਜ਼ਾ" (1:18-3:20) ਅਤੇ "ਧਰਮੀ ਠਹਿਰਾਇਆ ਜਾਣਾ" (3:21—5:21)। ਉਹ ਫਿਰ ਸੁਝਾਅ ਦਿੰਦੇ ਹਨ ਕਿ 5:12-21 ਇਨ੍ਹਾਂ ਵਿੱਚੋਂ ਹਰੇਕ ਦੇ ਸੋਮੇ ਦਾ ਵੇਰਵਾ ਹੈ। ਆਇਤ 16 ਵਿੱਚ, ਅਸੀਂ ਪੜ੍ਹਦੇ ਹਾਂ, "ਇੱਕ ਪਾਸੇ ਇੱਕ ਅਪਰਾਧ ਦੇ ਕਾਰਨ ਸਜ਼ਾ ਪਰਗਟ ਹੋਈ [ਆਦਮ ਦੇ ਦੁਆਰਾ] ਜਿਸਦਾ ਨਤੀਜਾ *ਸਜ਼ਾ* ਨਿਕਲਿਆ, ਪਰ ਦੂਜੇ ਪਾਸੇ ਬਹੁਤ ਸਾਰੇ ਪਾਪਾਂ ਤੋਂ [ਯਿਸੂ ਦਾ] ਮੁਫਤ ਵਰਦਾਨ ਪੈਦਾ ਹੋਇਆ ਜਿਸਦਾ ਨਤੀਜਾ *ਧਰਮੀ ਠਹਿਰਾਇਆ ਜਾਣਾ* ਨਿਕਲਿਆ" (ਜ਼ੋਰ ਦਿੱਤਾ ਗਿਆ ਹੈ)।

ਇੱਕ ਉਚਿਤ ਵਰਣਨ ਉਹ ਹੈ ਜੋ ਇੱਕ ਪ੍ਰਾਰੰਭਿਕ ਮਸੀਹੀ ਲੇਖਕ ਕ੍ਰਿਸੋਸਟੋਮ (ਲਗਭਗ 347-407 ਈਸਵੀ) ਨੇ ਬਹੁਤ ਸਮਾਂ ਪਹਿਲਾਂ ਦਿੱਤਾ ਕਿ 12 ਤੋਂ 21 ਆਇਤਾਂ ਜੋ ਵਾਪਰ ਚੁੱਕਿਆ ਹੈ ਉਸ ਨਾਲ ਕਿਵੇਂ ਸਟੀਕ ਬੈਠਦੀਆਂ ਹਨ। ਉਸ ਨੇ ਸੁਝਾਅ ਦਿੱਤਾ ਕਿ ਪੌਲੁਸ ਨੇ ਦੁਬਾਰਾ ਇੱਕ ਯਹੂਦੀ ਇਤਰਾਜ਼ ਦੀ ਆਸ ਕੀਤੀ—ਇਸ ਵਾਰ ਆਪਣੀ ਸਿੱਖਿਆ ਤੇ ਕਿ ਯਿਸੂ ਦੀ ਮੌਤ ਨੇ ਸਭਨਾਂ ਦੇ ਲਈ ਮੁਕਤੀ ਨੂੰ ਉਪਲਬਧ ਕਰਵਾਇਆ ਹੈ, ਭਾਵੇਂ ਯਹੂਦੀ ਹੋਣ ਜਾਂ ਯੂਨਾਨੀ (ਵੇਖੋ 3:22)। ਕ੍ਰਿਸੋਸਟੋਮ ਨੇ ਲਿਖਿਆ ਸੀ, ਅਸਲ ਵਿੱਚ "ਜਦੋਂ ਕੋਈ ਯਹੂਦੀ ਤੁਹਾਨੂੰ ਕਹੇ, 'ਇੱਕ ਜਣੇ ਦੇ, ਮਸੀਹ ਦੇ ਚੰਗਾ ਕੰਮ ਕਰਨ ਦੇ ਦੁਆਰਾ ਕਿਵੇਂ ਸੰਸਾਰ ਬਚਾਇਆ ਗਿਆ?' ਤਾਂ ਤੁਸੀਂ ਉਸ ਨੂੰ ਕਹਿ ਸਕਦੇ ਹੋ, 'ਕਿਵੇਂ ਇੱਕ ਜਣੇ, ਆਦਮ ਦੀ ਅਣਆਗਿਆਕਾਰੀ ਦੇ ਕਾਰਨ, ਸੰਸਾਰ ਨੂੰ ਦੋਸ਼ੀ ਠਹਿਰਾਇਆ ਗਿਆ ਸੀ?'"[41] ਯਹੂਦੀ ਇਸ ਤੱਥ ਨੂੰ ਸਵੀਕਾਰ ਕਰਦੇ ਸਨ ਕਿ ਇੱਕ ਆਦਮੀ (ਆਦਮ) ਦੇ ਇੱਕ ਕੰਮ ਨੇ ਤ੍ਰਾਸਦੀ ਲੈ ਆਂਦੀ ਸੀ; ਪੌਲੁਸ ਨੇ ਇਸ਼ਾਰਾ ਕੀਤਾ ਕਿ ਇੱਕ ਆਦਮੀ (ਮਸੀਹ) ਦਾ ਇੱਕ ਕੰਮ ਜਿੱਤ ਨੂੰ ਲੈ ਕੇ ਆਇਆ।

ਉਸ ਦੀਆਂ ਪਿਛਲੀਆਂ ਟਿੱਪਣੀਆਂ ਦੇ ਨਾਲ ਜੋ ਵੀ ਸੰਬੰਧ ਹੋਵੇ, ਪੌਲੁਸ ਨੇ ਇਨ੍ਹਾਂ ਸ਼ਬਦਾਂ ਦੇ ਨਾਲ ਆਪਣੀ ਬਹਿਸ ਨੂੰ ਸ਼ੁਰੂ ਕਰ ਦਿੱਤਾ: **ਇੱਕ ਮਨੁੱਖ ਦੇ ਦੁਆਰਾ ਪਾਪ ਸੰਸਾਰ ਦੇ ਵਿੱਚ ਆਇਆ**। ਇਹ "ਇੱਕ ਆਦਮੀ" ਆਦਮ ਸੀ (5:14)।[42] ਬੇਸ਼ੱਕ ਪੌਲੁਸ ਇਸ ਗੱਲ ਤੋਂ ਜਾਣੂ ਸੀ ਕਿ ਪਹਿਲਾਂ ਹੱਵਾਹ ਨੇ ਮਨ੍ਹਾ ਕੀਤੇ ਹੋਏ ਫਲ ਵਿੱਚੋਂ ਖਾਧਾ ਸੀ ਅਤੇ ਆਦਮ ਨੇ ਉਸ ਤੋਂ ਬਾਅਦ ਅਜਿਹਾ ਕੀਤਾ ਸੀ (ਉਤਪਤ 3:6)। ਫਿਰ ਵੀ, ਆਦਮ, ਪਰਿਵਾਰ ਦਾ ਮੁਖੀਆ ਹੋਣ ਦੇ ਨਾਤੇ (ਵੇਖੋ ਅਫਸੀਆਂ 5:23), ਪਾਪ ਦੇ ਲਈ ਜਵਾਬਦੇਹ ਠਹਿਰਿਆ। ਫਲ ਨਾ ਖਾਣ ਦਾ ਹੁਕਮ ਪਹਿਲਾਂ ਉਸਨੂੰ ਦਿੱਤਾ ਗਿਆ ਸੀ (ਉਤਪਤ 2:15-17)। ਇਸਦੇ, ਉਲਟ, ਆਦਮ ਨੂੰ ਧੋਖਾ ਨਹੀਂ ਦਿੱਤਾ ਗਿਆ ਸੀ; ਉਸ ਨੇ ਨਤੀਜਿਆਂ ਨੂੰ ਜਾਣਦੇ ਹੋਏ ਕੰਮ ਕੀਤਾ ਸੀ (1 ਤਿਮੋਥਿਉਸ 2:14)।

ਆਦਮ ਦੀ ਅਣਆਗਿਆਕਾਰੀ ਦਾ ਇੱਕ ਨਤੀਜਾ ਸੀ ਕਿ "ਪਾਪ ਸੰਸਾਰ ਦੇ ਵਿੱਚ ਆ ਕਰ ਗਿਆ।" ਆਦਮ ਦੇ ਪਾਪ ਕਰਨ ਤੋਂ ਪਹਿਲੇ ਪਾਪ ਹੋਂਦ ਵਿੱਚ ਸੀ, ਕਿਉਂਕਿ ਪਤਰਸ ਨੇ ਉਨ੍ਹਾਂ ਸਵਰਗਦੂਤਾਂ ਦੇ ਬਾਰੇ ਲਿਖਿਆ ਹੈ ਜਿਨ੍ਹਾਂ ਨੇ ਪਾਪ ਕੀਤਾ ਸੀ (2 ਪਤਰਸ 2:4)। ਤਾਂ ਵੀ, ਆਦਮ ਦਾ ਅਪਰਾਧ ਨਵੇਂ ਬਣੇ ਸੰਸਾਰ ਵਿੱਚ ਪਾਪ ਦੀ ਸ਼ੁਰੂਆਤ ਕੀਤੀ ਜਿਸਨੂੰ ਅਸੀਂ "ਧਰਤੀ" ਕਹਿੰਦੇ ਹਾਂ।

ਦੂਸਰਾ ਨਤੀਜਾ ਇਹ ਸੀ ਕਿ **ਪਾਪ ਦੇ ਦੁਆਰਾ ਮੌਤ** ਨੇ ਸੰਸਾਰ ਵਿੱਚ ਆਈ। ਯੂਨਾਨੀ ਸ਼ਬਦ ਜਿਸ ਦਾ ਅਨੁਵਾਦ "ਮੌਤ" ਕੀਤਾ ਗਿਆ ਹੈ ਉਹ θάνατος *(ਥਾਨਾਟੋਸ)* ਹੈ। ਰੋਮੀਆਂ ਦੀ ਪੱਤ੍ਰੀ ਵਿੱਚ ਪੌਲੁਸ ਨੇ 20 ਤੋਂ ਵੀ ਜ਼ਿਆਦਾ ਵਾਰ ਸ਼ਬਦ ਦਾ ਇਸਤੇਮਾਲ ਕੀਤਾ ਹੈ। ਸ਼ਬਦ *ਥਾਨਾਟੋਸ* ਵਿੱਚ ਜੁਦਾਈ ਦਾ ਵਿਚਾਰ ਪਾਇਆ ਜਾਂਦਾ ਹੈ। ਸਰੀਰਿਕ ਮੌਤ ਆਤਮਾ (ਜਾਂ ਪ੍ਰਾਣ) ਸਰੀਰ ਤੋਂ ਜੁਦਾਈ ਹੈ (ਯਾਕੂਬ 2:26)। ਆਤਮਿਕ ਮੌਤ ਮਨੁੱਖ ਦੀ ਪਰਮੇਸ਼ੁਰ ਤੋਂ ਜੁਦਾਈ ਹੈ (ਯਸਾਯਾਹ 59:1, 2; ਅਫਸੀਆਂ 2:1; 1 ਤਿਮੋਥਿਉਸ 5:6)। ਜਦੋਂ ਦੁਸ਼ਟ ਅਨੰਤ ਕਾਲ ਦੇ ਲਈ ਪਰਮੇਸ਼ੁਰ ਦੀ ਹਜ਼ੂਰੀ ਤੋਂ ਜੁਦਾ ਕਰ ਦਿੱਤੇ ਗਏ ਹਨ (2 ਥੱਸਲੁਨੀਕੀਆਂ 1:9), ਉਹ "ਦੂਸਰੀ ਮੌਤ" ਹੋਵੇਗੀ (ਪਰਕਾਸ਼ ਦੀ ਪੋਥੀ 20:6,14)।

ਅਸੀਂ ਆਇਤ 12 ਵਿੱਚ "ਮੌਤ" ਸ਼ਬਦ ਨੂੰ ਉਸ *ਸਾਰੀ* ਤ੍ਰਾਸਦੀ ਦਾ ਵਰਣਨ ਕਰਨ ਵਾਲੇ ਸ਼ਬਦ ਦੇ ਰੂਪ ਵਿੱਚ ਲਵਾਂਗੇ ਜਿਸ ਨੂੰ ਆਦਮ ਦਾ ਪਾਪ—ਸਰੀਰਕ ਮੌਤ ਤੋਂ ਸ਼ੁਰੂ ਕਰਕੇ—ਸਾਰੀ ਮਨੁੱਖ ਜਾਤੀ ਤੇ ਲੈ ਆਇਆ ਸੀ। ਪਰਮੇਸ਼ੁਰ ਨੇ ਆਦਮ ਨੂੰ ਕਿਹਾ ਸੀ ਕਿ ਜੇਕਰ ਉਹ ਭਲੇ ਅਤੇ ਬੁਰੇ ਦੀ ਪਛਾਣ ਵਾਲੇ ਰੁੱਖ ਤੋਂ ਖਾਵੇਗਾ, ਤਾਂ ਉਹ ਮਰ ਜਾਵੇਗਾ (ਉਤਪਤ 2:17; ਵੇਖੋ 3:19)—ਅਤੇ ਉਸਨੇ ਕੀਤਾ (ਉਤਪਤ 5:5)। ਇਹ ਸਰੀਰਕ ਮੌਤ ਦਾ ਸਰਾਪ ਆਦਮ ਤੱਕ ਹੀ ਸੀਮਿਤ ਨਹੀਂ ਸੀ। ਸਾਡਾ ਪਾਠ ਜਾਰੀ ਹੈ, **ਇਸ ਲਈ ਮੌਤ ਸਭਨਾਂ ਵਿੱਚ ਫੈਲ ਗਈ।** LB ਦੀ ਸੰਖੇਪ ਵਿਆਖਿਆ ਹੈ "ਇਸ ਤਰ੍ਹਾਂ ਹਰੇਕ ਚੀਜ਼ ਨੇ ਪੁਰਾਣਾ ਹੋਣਾ ਅਤੇ ਮਰਨਾ ਸ਼ੁਰੂ ਕਰ ਦਿੱਤਾ।"

ਅੱਗੇ, "ਮੌਤ" ਜੋ ਆਦਮ ਦੇ ਦੁਆਰਾ ਆਪਣੇ ਆਪ ਤੇ ਲਿਆਂਦੀ ਗਈ ਸੀ ਉਹ ਸਰੀਰਕ ਮੌਤ ਤੱਕ ਹੀ ਸੀਮਿਤ ਨਹੀਂ ਸੀ। ਉਸ ਦੇ ਪਾਪ ਨੇ ਉਸਨੂੰ ਪਰਮੇਸ਼ੁਰ ਤੋਂ ਦੂਰ ਕਰ ਦਿੱਤਾ (ਯਸਾਯਾਹ 59:1, 2); ਇਸ ਪ੍ਰਕਾਰ ਆਤਮਿਕ ਤੌਰ ਤੇ ਵੀ ਉਸਦੀ ਮੌਤ ਹੋ ਗਈ ਸੀ। ਪੌਲੁਸ ਨੇ ਪਰਗਟ ਰੂਪ ਵਿੱਚ ਆਪਣੇ ਵਿਚਾਰਾਂ ਵਿੱਚ ਆਤਮਿਕ ਮੌਤ ਨੂੰ ਸ਼ਾਮਿਲ ਕੀਤਾ ਸੀ: ਮੌਤ ਸਭਨਾਂ ਮਨੁੱਖਾਂ ਵਿੱਚ ਫੈਲਰ ਗਈ **ਕਿਉਂਕਿ ਸਭਨਾਂ ਨੇ ਪਾਪ ਕੀਤਾ।** "ਸਭਨਾਂ ਨੇ ਪਾਪ ਕੀਤਾ" ਉਨ੍ਹਾਂ ਹੀ ਯੂਨਾਨੀ ਸ਼ਬਦਾਂ (πάντες ἥμαρτον, *ਪੇਂਟੇਸ ਹੇਮਾਰਟਨ)* ਤੋਂ ਅਨੁਵਾਦ ਕੀਤਾ ਗਿਆ ਸੀ ਜੋ 3:23 ਵਿੱਚ ਹਨ। ਇਹ ਮੰਨਦੇ ਹੋਏ ਕਿ ਪੌਲੁਸ ਨੇ ਇੱਥੇ ਇੱਕੋ ਹੀ ਭਾਵਨਾ ਦੇ ਨਾਲ ਸ਼ਬਦਾਂ ਨੂੰ ਇਸਤੇਮਾਲ ਕੀਤਾ, ਆਇਤ 12 ਇਨ੍ਹਾਂ ਲਾਈਨਾਂ "ਦੇ ਨਾਲ ਕੁੱਝ ਹੋਰ ਵੀ ਸਿਖਾਉਂਦਾ ਹੈ: "ਜਦੋਂ ਆਦਮ ਨੇ ਪਾਪ ਕੀਤਾ, ਤਾਂ ਆਤਮਿਕ ਅਤੇ ਸਰੀਰਕ ਦੋਵੇਂ ਮੌਤਾਂ ਸੰਸਾਰ ਦੇ ਵਿੱਚ ਆ ਗਈਆਂ।[43] ਸਰੀਰਕ ਮੌਤ ਸਭਨਾਂ ਮਨੁੱਖਾਂ ਦੇ ਵਿੱਚ ਫੈਲ ਗਈ, ਅਤੇ ਉਸੇ ਪ੍ਰਕਾਰ ਆਤਮਿਕ ਮੌਤ ਵੀ ਕਿਉਂਕਿ ਸਭਨਾਂ[44] ਨੇ ਪਿਤਾ ਆਦਮ ਦੀ ਉਦਾਹਰਣ ਦਾ ਅਨੁਸਰਣ ਕਰਕੇ ਪਾਪ ਕੀਤਾ ਹੈ।"

ਪੌਲੁਸ ਨੇ ਉਸ ਵਾਕ ਨੂੰ ਜੋ ਉਸਨੇ ਆਇਤ 12 ਵਿੱਚ ਸ਼ੁਰੂ ਕੀਤਾ ਸੀ ਪੂਰਾ ਨਹੀਂ ਕੀਤਾ ਸੀ। ਇਸਦਾ ਸੰਕੇਤ NASB ਵਿੱਚ ਸ਼ਬਦ "ਪਾਪ ਕੀਤਾ" ਤੋਂ ਬਾਅਦ ਡੈਸ਼ ਲਗਾ ਕੇ ਦਿੱਤਾ ਗਿਆ ਹੈ। ਹੋਰਨਾਂ ਅਨੁਵਾਦਾਂ ਨੇ ਇਸਨੂੰ ਹੋਰਨਾਂ ਤਰੀਕਿਆਂ ਦੇ ਨਾਲ ਦਰਸਾਇਆ ਹੈ। ASV ਵਿੱਚ ਆਇਤ 12 ਤੋਂ ਬਾਅਦ ਕੋਲਨ ਅਤੇ ਇੱਕ ਡੈਸ਼ ਹੈ, ਜਦੋਂ ਕਿ KJV ਵਿੱਚ ਆਇਤ 13 ਤੋਂ 17 ਦੇ ਆਲੇ-ਦੁਆਲੇ ਬਰੈਕਟਾਂ ਲਾਈਆਂ ਗਈਆਂ ਹਨ। ਕਿ ਆਇਤ 12 ਦੇ ਵਿਚਾਰ ਨੂੰ ਆਇਤ 18 ਵਿੱਚ ਦੁਬਾਰਾ ਅਰੰਭ ਕੀਤਾ ਜਾਵੇਗਾ।

**ਆਇਤ 13.** ਇਹ ਆਇਤ ਸ਼ੁਰੂ ਹੁੰਦੀ ਹੈ, **ਸ਼ਰਾ ਦੇ ਸਮੇਂ ਤੀਕ ਪਾਪ ਤਾਂ ਸੰਸਾਰ ਵਿੱਚ ਹੈਸੀ।** ਯੂਨਾਨੀ ਵਿੱਚ ਸ਼ਬਦ "ਸ਼ਰਾ" ਤੋਂ ਪਹਿਲਾਂ ਕੋਈ ਨਿਸ਼ਚਿਤ ਉਪਪਦ ਨਹੀਂ ਹੈ, ਪਰ

ਪਰਗਟ ਰੂਪ ਵਿੱਚ ਪੌਲੁਸ ਦੇ ਮਨ ਵਿੱਚ ਮੂਸਾ ਦੀ ਸ਼ਰਾ ਸੀ (ਵੇਖੋ 5:14)। ਲੋਕਾਂ ਦੇ ਕੋਲ ਹਮੇਸ਼ਾ ਸ਼ਰਾ ਸੀ, ਪਰ ਮੂਸਾ ਦੀ ਸ਼ਰਾ ਤੋਂ ਪਹਿਲਾਂ ਉਨ੍ਹਾਂ ਦੇ ਕੋਲ ਕੋਈ *ਲਿਖਿਤ* ਸ਼ਰਾ ਨਹੀਂ ਸੀ। ਇੱਥੋਂ ਤੱਕ ਕਿ ਮੂਸਾ ਦੀ ਸ਼ਰਾ ਦਿੱਤੇ ਜਾਣ ਤੋਂ ਪਹਿਲਾਂ ਵੀ "ਪਾਪ ਜਗਤ ਵਿੱਚ ਸੀ" ਭਾਵੇਂ ਲੋਕਾਂ ਨੇ ਉਸ ਅਣਲਿਖਿਤ ਕਾਨੂੰਨ ਨੂੰ ਤੋੜ ਦਿੱਤਾ ਸੀ ਜੋ ਉਨ੍ਹਾਂ ਦੇ ਕੋਲ ਹੈ ਸੀ।

ਆਇਤ 13 ਜਾਰੀ ਹੈ, **ਪਰ ਜਿੱਥੇ ਸ਼ਰਾ ਨਹੀਂ ਉੱਥੇ ਪਾਪ ਦਾ ਲੇਖਾ ਨਹੀਂ ਹੁੰਦਾ**। "ਲੇਖਾ" ἐλλογέω (*ਏਲੋਜੀਓ*) ਹੈ। ਇਹ λογίζομαι *(ਲੋਗੀਜ਼ੋਮਾਈ),* ਦੇ ਸਮਾਨ ਹੈ, ਅਧਿਆਇ 4 ਵਿੱਚ ਸ਼ਬਦ ਦਾ ਅਨੁਵਾਦ "ਗਿਣੀ ਗਈ" ਕੀਤਾ ਗਿਆ। ਇਸ ਲਈ, HCSB ਦੇ ਕੋਲ ਹੈ "ਜਦੋਂ ਕੋਈ ਸ਼ਰਾ ਨਾ ਹੋਵੇ ਤਾਂ ਪਾਪ ਕਿਸੇ ਦੇ ਲੇਖੇ ਨਹੀਂ ਲੱਗਦਾ ਹੈ" ਸਤਹ ਤੇ, ਇੰਜ ਜਾਪਦਾ ਹੈ ਜਿਵੇਂ ਆਇਤ ਕਹਿ ਰਹੀ ਹੋਵੇ ਕਿ ਇੱਕ ਲਿਖਿਤ ਸ਼ਰਾ ਤੋਂ ਪਹਿਲਾਂ ਲੋਕਾਂ ਨੇ ਪਾਪ ਕੀਤਾ ਸੀ, ਪਰ ਉਹ ਤਦ ਤੱਕ ਪਾਪੀ ਨਹੀਂ *ਗਿਣੇ ਗਏ* ਜਦੋਂ ਤੱਕ ਮੂਸਾ ਦੀ ਸ਼ਰਾ ਨਹੀਂ ਦਿੱਤੀ ਗਈ ਸੀ। ਜਦ ਕਿ, ਪੌਲੁਸ ਨੇ ਧਿਆਨ ਦੇ ਨਾਲ ਇਸ ਗੱਲ ਨੂੰ ਸਥਾਪਤ ਕੀਤਾ ਸੀ ਕਿ ਲੋਕਾਂ ਨੇ ਉਸ ਸਮੇਂ ਵੀ ਪਾਪ ਕੀਤਾ ਸੀ ਜਦੋਂ ਉਨ੍ਹਾਂ ਦੇ ਕੋਲ ਲਿਖਿਤ ਸ਼ਰਾ ਨਹੀਂ ਸੀ-ਅਤੇ ਇਹ ਕਿ ਉਹ ਆਪਣੇ ਪਾਪ ਦੇ ਕਾਰਨ *ਜਵਾਬਦੇਹ ਠਹਿਰਾਏ ਗਏ* ਸਨ (3:9)। ਇਹ ਸਪੱਸ਼ਟ ਪ੍ਰਤੀਤ ਹੁੰਦਾ ਹੈ ਕਿ ਪੋਲੁਸ ਦੇ ਵਿਚਾਰ ਦਾ ਵਿਸਥਾਰ ਕੀਤਾ ਜਾਣਾ ਚਾਹੀਦਾ ਹੈ। ਅਜਿਹਾ ਕਰਨ ਦਾ ਇੱਕ ਤਰੀਕਾ ਹੈ: "ਜਿੱਥੇ ਸ਼ਰਾ ਨਹੀਂ ਉੱਥੇ ਪਾਪ ਦਾ ਲੇਖਾ ਨਹੀਂ ਹੁੰਦਾ [ਪਰ ਹਰ ਕਿਸੇ ਦੇ *ਕੋਲ* ਇੱਕ ਸ਼ਰਾ ਹੈ—ਇੱਕ ਅਣਲਿਖਿਤ ਸ਼ਰਾ]।"[45]

**ਆਇਤ 14.** ਇਸ ਤੱਥ ਦੇ ਬਾਵਜੂਦ ਕਿ ਰਚਨਾ ਅਤੇ ਸ਼ਰਾ ਦੇ ਵਿਚਕਾਰ ਸਦੀਆਂ ਤੱਕ ਮਨੁੱਖ ਜਾਤੀ ਦੇ ਕੋਲ ਕੋਈ ਲਿਖਿਤ ਕਾਨੂੰਨ ਨਹੀਂ ਸੀ, ਉਹ ਤਾਂ ਵੀ ਮਰ ਗਏ ਸਨ: **ਫਿਰ ਵੀ ਆਦਮ ਤੋਂ ਲੈ ਕੇ ਮੂਸਾ ਤੱਕ ਮੌਤ ਨੇ ਰਾਜ ਕੀਤਾ**। ਮੌਤ ਨੂ ਇੱਕ ਅੱਤਿਆਚਾਰੀ ਸ਼ਾਸਕ ਦੇ ਰੂਪ ਵਿੱਚ ਮੂਰਤੀਮਾਣ ਕੀਤਾ ਜਾ ਸਕਦਾ ਹੈ ਜੋ ਆਪਣੀ ਪਰਜਾ ਨੂੰ ਮਰਨ ਦਾ ਹੁਕਮ ਦਿੰਦਾ ਹੈ। ਦਿੱਤਾ ਗਿਆ ਬਿਆਨ ਸਰੀਰਿਕ ਅਤੇ ਆਤਮਿਕ ਦੋਵਾਂ ਮੌਤਾਂ ਦੇ ਲਈ ਸੱਚ ਹੈ। ਜਿੱਥੋਂ ਤੱਕ ਸਾਨੂੰ ਪਤਾ ਹੈ, ਆਦਮ ਅਤੇ ਮੂਸਾ ਦੇ ਵਿਚਕਾਰ ਸਿਰਫ ਇੱਕ ਆਦਮੀ: ਹਨੋਕ (ਉਤਪਤ 5:24) ਹੈ ਜੋ ਸਰੀਰਿਕ ਤੌਰ ਤੇ ਨਹੀਂ ਮਰਿਆ। ਆਤਮਿਕ ਮੌਤ ਦੇ ਸੰਬੰਧ ਵਿੱਚ, ਕੋਈ ਵੀ ਅਪਵਾਦ ਨਹੀਂ ਹਨ। ਸਾਰੇ ਜ਼ਿੰਮੇਵਾਰ ਲੋਕ ਨਿਜੀ ਪਾਪ ਦੇ ਕਾਰਨ ਮੌਤ ਹੋ ਗਈ। ਮੌਤ ਦਾ ਰਾਜ ਵਿਸ਼ਵ-ਵਿਆਪੀ ਸੀ, ਜੋ ਸਾਰੀ ਮਨੁੱਖ ਜਾਤੀ ਨੂੰ ਪ੍ਰਭਾਵਿਤ ਕਰ ਰਿਹਾ ਸੀ।

ਮੌਤ ਨੇ ਉਨ੍ਹਾਂ ਤੇ ਵੀ ਰਾਜ ਕੀਤਾ **ਜਿਨ੍ਹਾਂ ਨੇ ਆਦਮ ਦੇ ਅਪਰਾਧ**[46] **ਦੇ ਸਮਾਨ ਪਾਪ ਨਹੀਂ ਕੀਤਾ ਸੀ**। ਲੋਕਾਂ ਨੇ ਪਾਪ ਕੀਤਾ, ਪਰ ਉਨ੍ਹਾਂ ਨੇ "ਪਰਮੇਸ਼ੁਰ ਦੀ ਇੱਕ ਖਾਸ ਆਗਿਆ ਦਾ ਉਲੰਘਣ ਨਹੀਂ ਕੀਤਾ ਸੀ, ਜਿਵੇਂ ਆਦਮ ਨੇ ਕੀਤਾ ਸੀ" (NLT)। ਉਨ੍ਹਾਂ ਨੂੰ ਦੱਸਿਆ ਨਹੀਂ ਗਿਆ ਸੀ, ਜਿਵੇਂ ਆਦਮ ਨੂੰ ਦੱਸਿਆ ਗਿਆ ਸੀ, "ਤੂੰ ਜ਼ਰੂਰ ਮਰੇਂਗਾ [ਜੇ ਤੂੰ ਠੀਕ ਕੰਮ ਨਾ ਕਰ ਸਕਿਆ]" (ਉਤਪਤ 2:17)।[47] ਫਿਰ ਵੀ, ਉਹ ਸਰੀਰਕ ਅਤੇ ਆਤਮਿਕ—ਦੋਵਾਂ ਤਰ੍ਹਾਂ ਦੇ ਨਾਲ *ਮਰ ਗਏ।*

ਇਸ ਬਿੰਦੂ ਤੱਕ, ਪਾਠ ਨੇ ਇੱਕ ਨਿਰਾਸ਼ਾਜਨਕ ਤਸਵੀਰ ਦੀ ਚਿੱਤਰਕਾਰੀ ਕੀਤੀ ਹੈ। ਪਹਿਲੇ ਆਦਮ ਦਾ ਪਾਪ ਮਨੁੱਖ ਜਾਤੀ ਦੇ ਲਈ ਤਬਾਹੀ ਲੈ ਆਇਆ—ਪਰ ਪੌਲੁਸ ਆਸ ਦੀ ਇੱਕ ਟਿੱਪਣੀ ਸ਼ਾਮਲ ਕਰਨ ਲਈ ਤਿਆਰ ਸੀ। ਆਇਤ 14 ਦੇ ਅੰਤ ਵਿੱਚ, ਉਸਨੇ "ਅੰਤਿਮ ਆਦਮ" ਨੂੰ ਪੇਸ਼ ਕੀਤਾ: ਪਹਿਲਾ ਆਦਮ **ਉਸ ਦੀ ਇੱਕ ਕਿਸਮ ਸੀ ਜੋ ਆਉਣ ਵਾਲਾ ਸੀ**। ਉਹ "ਜਿਸਨੇ ਆਉਣਾ ਸੀ" ਉਹ ਬੇਸ਼ੱਕ, ਮਸੀਹ ਸੀ। ਐੱਫ਼. ਐੱਫ਼. ਬਰੂਸ ਨੇ ਕਿਹਾ ਕਿ "ਸਿਰਫ

ਆਦਮ ਹੀ ਪੁਰਾਣੇ ਨੇਮ ਦਾ ਚਰਿੱਤਰ ਹੈ ਜਿਸਨੂੰ *ਸਪੱਸ਼ਟ ਰੂਪ ਵਿੱਚ* ਨਵੇਂ ਨੇਮ ਵਿੱਚ ਮਸੀਹ ਦਾ ਇੱਕ 'ਪ੍ਰਕਾਰ' ਕਿਹਾ ਜਾਂਦਾ ਹੈ।"[48]

ਸ਼ਬਦ "ਪ੍ਰਕਾਰ" ਯੂਨਾਨੀ ਸ਼ਬਦ τύπος (*ਟੂਪੋਸ)* ਦਾ ਲਿਪੀਅੰਤਰਣ ਹੈ। *ਟੂਪੋਸ* ਜ਼ੋਰ ਨਾਲ ਮਾਰ ਕੇ ਨਿਸ਼ਾਨ ਲਗਾਉਣ ਦਾ ਹਵਾਲਾ ਦਿੰਦਾ ਹੈ।[49] ਇਸ ਵਿਚਾਰ ਨੂੰ ਆਧੁਨਿਕ ਸਮੇਂ ਵਿੱਚ ਇੱਕ ਸਰਕਾਰੀ ਅਧਿਕਾਰੀ ਦੁਆਰਾ ਦਸਤਾਵੇਜ਼ ਤੇ ਮੋਹਰਾਂ ਲਗਾਉਣ ਦੇ ਦੁਆਰਾ ਸਮਝਾਇਆ ਜਾ ਸਕਦਾ ਹੈ। ਮੋਹਰ ਇੱਕ "ਪ੍ਰਕਾਰ" ਦੇ ਤੌਰ ਤੇ ਕੰਮ ਕਰੇਗੀ ਅਤੇ ਇਸ ਦੁਆਰਾ ਕਾਗਜ਼ ਉੱਪਰ ਲਗਾਇਆ ਜਾਣ ਵਾਲਾ ਨਿਸ਼ਾਨ "ਵਿਰੋਧੀ-ਪ੍ਰਕਾਰ" ਦੇ ਰੂਪ ਵਿੱਚ ਕੰਮ ਕਰੇਗਾ। ਪੌਲੁਸ ਦੀ ਤੁਲਨਾ/ਭਿੰਨ-ਭੇਦ ਵਿੱਚ ਆਦਮ "ਪ੍ਰਕਾਰ" ਹੈ ਅਤੇ ਮਸੀਹ "ਵਿਰੋਧੀ-ਪ੍ਰਕਾਰ" ਹੈ।

ਕਈ ਤਰੀਕਿਆਂ ਦੇ ਨਾਲ, ਪ੍ਰਕਾਰ ਅਤੇ ਵਿਰੋਧੀ-ਪ੍ਰਕਾਰ *ਇੱਕੋ ਜਿਹੇ* ਹਨ। ਜਿਵੇਂ ਇੱਕ ਮੋਹਰ ਅਤੇ ਇਸਦੀ ਛਾਪ ਇਕੋ ਜਿਹੇ ਹਨ, ਕੁੱਝ ਤਰ੍ਹਾਂ ਦੇ ਨਾਲ, ਆਦਮ ਅਤੇ ਮਸੀਹ ਵੀ ਮਿਲਦੇ ਜੁਲਦੇ ਹਨ। ਦੋਵਾਂ ਨੂੰ "ਸਿਰ" ਦੇ ਤੌਰ ਤੇ ਸੋਚਿਆ ਜਾ ਸਕਦਾ ਹੈ: ਆਦਮ ਮਨੁੱਖੀ ਪਰਿਵਾਰ ਦਾ ਸਰੀਰਿਕ ਸਿਰ ਅਤੇ ਮਸੀਹ ਪਰਮੇਸ਼ੁਰ ਦੇ ਪਰਿਵਾਰ, ਕਲੀਸਿਆ ਦਾ ਆਤਮਿਕ ਸਿਰ ਹੈ (1 ਤਿਮੋਥਿਉਸ 3:15)। ਦੋਵਾਂ ਨੇ ਇੱਕ ਇੱਕ ਕੰਮ ਕੀਤਾ ਅਤੇ ਸਾਰੀ ਮਨੁੱਖ ਜਾਤੀ ਤੇ ਪ੍ਰਭਾਵ ਪਾਇਆ: ਬਗੀਚੇ ਵਿੱਚ ਆਦਮ ਦਾ ਪਾਪ ਅਤੇ ਸਲੀਬ 'ਤੇ ਮਸੀਹ ਦੀ ਮੌਤ।

ਜਦ ਕਿ, ਹੋਰ ਤਰੀਕਿਆਂ ਦੇ ਨਾਲ ਇੱਕ ਪ੍ਰਕਾਰ ਅਤੇ ਇਸ ਦਾ ਵਿਰੋਧੀ-ਪ੍ਰਕਾਰ ਇੱਕੋ ਜਿਹੇ ਨਹੀਂ ਹਨ; ਵਿਰੋਧੀ-ਪ੍ਰਕਾਰ ਦਾ *ਉਲਟ* ਹੋ ਸਕਦਾ ਹੈ। ਇਹ ਸਰਕਾਰੀ ਦਫਤਰੀ ਮੋਹਰ ਦੇ ਲਈ ਸੱਚ ਹੈ, ਜੋ ਕਾਗਜ਼ ਤੇ ਇੱਕ ਉਲਟ ਚਿੰਨ੍ਹ ਲਗਾਉਂਦੀ ਹੈ। ਇਹ ਆਦਮ ਅਤੇ ਮਸੀਹ ਦੇ ਲਈ ਵੀ ਸੱਚ ਹੈ।

*ਟੂਪੋਸ* ਦਾ ਅਨੁਵਾਦ ਕਰਨ ਦੇ ਲਈ ਕਈ ਕਿਸਮ ਦੇ ਸ਼ਬਦਾਂ ਨੂੰ ਵਰਤਿਆ ਜਾ ਸਕਦਾ ਹੈ, ਜਿਵੇਂ ਕਿ "ਉਦਾਹਰਣ," "ਨਮੂਨਾ" (NIV), "ਰੂਪ" (KJV), "ਪੂਰਵ ਸੰਕੇਤ" (ਵੇਖੋ NEB)। ਯੂਜੀਨ ਪੀਟਰਸਨ ਨੇ ਆਇਤ 14 ਦੇ ਅੰਤ ਵਿੱਚ ਇਹ ਵਿਆਖਿਆ/ਟਿੱਪਣੀ ਲਿਖੀ: "ਆਦਮ, ਜਿਸਨੇ ਸਾਨੂੰ ਇਸ ਵਿੱਚ ਪਾਇਆ, . . . ਅੱਗੇ ਉਸ ਵੱਲ ਇਸ਼ਾਰਾ ਕਰਦਾ ਹੈ ਜੋ ਸਾਨੂੰ ਇਸ ਵਿੱਚੋਂ ਬਾਹਰ ਕੱਢੇਗਾ" (MSG)।

ਪੌਲੁਸ ਨੇ 1ਕੁਰਿੰਥੀਆਂ 15 ਵਿੱਚ ਵੀ ਆਦਮ ਅਤੇ ਮਸੀਹ ਦੀ ਤੁਲਨਾ/ਫਰਕ ਕੀਤਾ ਹੈ: ਪੁਨਰ-ਉੱਥਾਨ ਦਾ ਅਧਿਆਇ:

> ਜਾਂ ਮਨੁੱਖ ਦੇ ਰਾਹੀਂ ਮੌਤ ਹੋਈ ਤਾਂ ਮਨੁੱਖ ਹੀ ਦੇ ਰਾਹੀਂ ਮੁਰਦਿਆਂ ਦੀ ਕਿਆਮਤ ਵੀ ਹੋਈ। ਜਿਸ ਤਰ੍ਹਾਂ ਆਦਮ ਵਿੱਚ ਸੱਭੇ ਮਰਦੇ ਹਨ ਉਸੇ ਤਰਾਂ ਮਸੀਹ ਵਿੱਚ ਸੱਭੇ ਜੁਆਏ ਜਾਣਗੇ (1 ਕੁਰਿੰਥੀਆਂ 15:21, 22)।
>
> ਇਉਂ ਲਿਖਿਆ ਹੋਇਆ ਵੀ ਹੈ, "ਜੋ ਪਹਿਲਾ ਮਨੁੱਖ ਆਦਮ ਜੀਉਂਦੀ ਜਾਨ ਹੋਇਆ," ਛੇਕੜਲਾ ਆਦਮ ਜੀਵਨ ਦਾਤਾ ਆਤਮਾ ਹੋਇਆ (1 ਕੁਰਿੰਥੀਆਂ 15:45)।
>
> ਪਹਿਲਾ ਮਨੁੱਖ ਮਿੱਟੀ ਦਾ ਬਣਿਆ। ਦੂਜਾ ਮਨੁੱਖ ਸੁਰਗੋਂ ਹੈ (1 ਕੁਰਿੰਥੀਆਂ 15:47)। ਅਤੇ ਜਿਸ ਤਰਾਂ ਅਸਾਂ ਮਿੱਟੀ ਵਾਲੇ ਦਾ ਸਰੂਪ ਧਾਰਿਆ ਹੈ ਇਸੇ ਤਰਾਂ ਸੁਰਗ ਵਾਲੇ ਦਾ ਵੀ ਸਰੂਪ ਧਾਰਾਂਗੇ। (1ਕੁਰਿੰਥੀਆਂ 15:49)।

ਪੌਲੁਸ ਨੇ ਪਹਿਲੇ ਆਦਮ ਨੂੰ ਇੱਕ ਸੰਸਾਰੀ ਪਰਿਵਾਰ ਦੇ ਮੁਖੀਏ ਦੇ ਰੂਪ ਵਿੱਚ ਦਰਸਾਇਆ ਹੈ ਜੋ ਮਰਨ ਦੇ ਲਈ ਸਰਾਪੇ ਗਏ ਸਨ, ਜਦਕਿ "ਅੰਤਿਮ ਆਦਮ" (ਮਸੀਹ) ਆਤਮਿਕ ਪਰਿਵਾਰ (ਕਲੀਸਿਆ) ਦਾ ਮੁਖੀਆ ਹੈ ਜੋ ਜੀਵਨ ਦੇ ਲਈ ਠਹਿਰਾਏ ਗਏ ਹਨ।

**ਆਦਮ ਅਤੇ ਮਸੀਹ ਵਿਚਕਾਰ ਭਿੰਨਤਾ (5:15-17)**

**[15]ਪਰ ਇਉਂ ਨਹੀਂ ਭਈ ਜਿਹਾ ਅਪਰਾਧ ਹੋਇਆ ਤਿਹੀ ਹੀ ਬਖ਼ਸ਼ੀਸ਼ ਵੀ ਹੋਈ ਕਿਉਂਕਿ ਜਦ ਇੱਕ ਦੇ ਅਪਰਾਧ ਤੋਂ ਬਹੁਤ ਲੋਕ ਮਰ ਗਏ ਤਾਂ ਪਰਮੇਸ਼ੁਰ ਦੀ ਕਿਰਪਾ ਅਤੇ ਉਹ ਬਖ਼ਸ਼ੀਸ਼ ਜਿਹੜੀ ਇੱਕੋ ਮਨੁੱਖ ਅਰਥਾਤ ਯਿਸੂ ਮਸੀਹ ਦੀ ਕਿਰਪਾ ਦੇ ਕਾਰਨ ਸੀ ਬਹੁਤਿਆਂ ਲੋਕਾਂ ਲਈ ਵਾਫ਼ਰ ਪਰਗਟ ਹੋਈ। [16]ਅਤੇ ਜਿਵੇਂ ਇੱਕ ਪਾਪ ਕਰਨ ਵਾਲੇ ਦੇ ਕਾਰਨ ਫਲ ਹੋਇਆ ਤਿਵੇਂ ਹੀ ਬਖ਼ਸ਼ੀਸ਼ ਦਾ ਹਾਲ ਨਹੀਂ, ਸਗੋਂ ਇੱਕ ਜਣੇ ਦੇ ਉੱਤੇ ਦੇ ਨਿਆਉਂ ਨੇ ਸਜ਼ਾ ਦਾ ਹੁਕਮ ਲਿਆਂਦਾ ਪਰ ਉਸ ਬਖ਼ਸ਼ੀਸ਼ ਨੇ ਬਹੁਤ ਸਾਰੇ ਅਪਰਾਧਾਂ ਤੋਂ ਧਰਮੀ ਠਹਿਰਾਉਣ ਦਾ ਹੱਕ ਲਿਆਂਦਾ। [17]ਜਦੋਂ ਉਸ ਇੱਕ ਦੇ ਅਪਰਾਧ ਕਰਕੇ ਉਸ ਇੱਕ ਦੇ ਰਾਹੀਂ ਮੌਤ ਨੇ ਰਾਜ ਕੀਤਾ ਤਾਂ ਬਹੁਤ ਵਧੀਕ ਓਹ ਲੋਕ ਜਿਨ੍ਹਾਂ ਨੂੰ ਕਿਰਪਾ ਅਤੇ ਧਰਮ ਦੀ ਬਖ਼ਸ਼ੀਸ਼ ਵਾਫ਼ਰ ਮਿਲੀ ਹੈ ਉਸ ਇੱਕ ਅਰਥਾਤ ਯਿਸੂ ਮਸੀਹ ਦੇ ਰਾਹੀਂ ਜੀਵਨ ਵਿੱਚ ਰਾਜ ਕਰਨਗੇ।**

ਅਸੀਂ ਉਮੀਦ ਕਰ ਸਕਦੇ ਹਾਂ ਕਿ ਪੌਲੁਸ ਪਹਿਲਾਂ ਇਹ ਦੱਸੇ ਕਿ ਆਦਮ ਅਤੇ ਮਸੀਹ ਇੱਕੋ ਜਿਹੇ ਕਿਵੇਂ ਹਨ, ਪਰ ਉਸਨੇ ਪਹਿਲਾਂ ਇਹ ਦੱਸਿਆ ਕਿ ਉਹ ਕਿਵੇਂ *ਭਿੰਨ* ਹਨ। 5:15-17 ਵਿੱਚ, ਪੌਲੁਸ ਅਕਸਰ ਉਲਟ ਸ਼ਬਦਾਂ ਜਿਵੇਂ "ਵਾਂਗ ਨਹੀਂ," "ਬਹੁਤ ਵੱਧ ਕੇ" ਅਤੇ "ਦੂਜੇ ਪਾਸੇ" ਦਾ ਇਸਤੇਮਾਲ ਕਰਦਾ ਹੈ। ਇੰਜ ਲੱਗਦਾ ਹੈ ਕਿ—ਜਿਵੇਂ ਹੀ ਪੌਲੁਸ ਨੇ ਇਹ ਕਿਹਾ ਕਿ ਆਦਮ "ਉਸ ਦਾ ਇੱਕ ਪ੍ਰਕਾਰ ਹੈ ਜੋ ਆਉਣ ਵਾਲਾ ਸੀ"—ਤਾਂ ਉਸ ਨੂੰ ਡਰ ਸੀ ਕਿ ਅਜਿਹਾ ਨਾ ਹੋਵੇ ਕਿ ਉਸ ਦੇ ਪਾਠਕ ਇਹ ਸਮਝ ਲੈਣ ਕਿ ਦੋਵੇਂ ਹਰ ਪੱਖੋਂ ਇਕੋ ਜਿਹੇ ਹਨ, ਇਸ ਲਈ ਉਸਨੇ ਛੇਤੀ ਨਾਲ ਇਹ ਇਸ਼ਾਰਾ ਦਿੱਤਾ ਕਿ ਅਜਿਹਾ ਨਹੀਂ ਹੈ।

ਤੁਲਨਾ ਆਦਮ ਅਤੇ ਮਸੀਹ ਦੇ ਕੰਮਾਂ ਦੀ ਵਿਆਖਿਆ 'ਤੇ ਕੇਂਦ੍ਰਿਤ ਹੈ: ਆਦਮ ਦੇ ਪਾਪ ਅਤੇ ਮਸੀਹ ਦੇ ਬਲੀਦਾਨ 'ਤੇ। ਪਹਿਲਾ ਸਵੈ-ਸੰਤੁਸ਼ਟੀ ਦਾ ਕੰਮ ਸੀ, ਜਦਕਿ ਦੂਸਰਾ ਸਵੈ-ਇਨਕਾਰ ਦਾ ਕੰਮ ਸੀ।

**ਆਇਤ 15.** ਪੌਲੁਸ ਸ਼ੁਰੂ ਕਰਦਾ ਹੈ, **ਪਰ ਇਉਂ ਨਹੀਂ ਭਈ ਜਿਹਾ ਅਪਰਾਧ ਹੋਇਆ ਤਿਹੀ ਹੀ ਬਖ਼ਸ਼ੀਸ਼ ਦਾ ਹਾਲ ਨਹੀਂ।** "ਬਖ਼ਸ਼ੀਸ਼" ਦਾ ਅਨੁਵਾਦ χάρισμα *(ਕੈਰਿਜ਼ਮਾ)* ਤੋਂ ਕੀਤਾ ਗਿਆ ਹੈ, ਜੋ ਸ਼ਬਦ "ਦਯਾ" (χάρις, *ਚੈਰਿਸ)* ਨਾਲ ਸੰਬੰਧਤ ਹੈ। ਇਹ ਤੋਹਫੇ ਤੋਂ ਕਿਤੇ ਵੱਧ ਕੇ ਹੈ, ਵਿਆਖਿਆ ਦੇ ਅਨੁਸਾਰ, ਇਹ ਇੱਕ ਅਜਿਹੀ ਚੀਜ਼ ਹੈ ਜੋ ਪ੍ਰਾਪਤ ਕਰਨ ਵਾਲੇ ਨੇ ਕਮਾਈ ਨਹੀਂ ਹੈ। "ਅਪਰਾਧ" ਦੇ ਲਈ ਸ਼ਬਦ, παράπτωμα *(ਪਾਰਾਪਟੋਮਾ),* "ਕਿਸੇ ਦੇ ਗਲਤ ਕਦਮ ਉਠਾ ਕੇ ਰਾਹੋਂ ਭਟਕ ਜਾਣ" ਨੂੰ ਦਰਸਾਉਂਦਾ ਹੈ। ਇਸਦਾ ਅਨੁਵਾਦ ਇਹ ਵੀ ਕੀਤਾ ਜਾ ਸਕਦਾ ਹੈ "ਉਲੰਘਣ," "ਅਪਰਾਧ," ਜਾਂ "ਅਧਰਮ"।[50] ਪੌਲੁਸ ਦਾ ਜ਼ੋਰ ਤੱਥ ਤੇ ਸੀ ਕਿ ਪਰਮੇਸ਼ੁਰ ਦਾ ਵਰਦਾਨ (ਸਲੀਬ ਤੇ ਕੇਂਦ੍ਰਿਤ ਸੀ) ਆਦਮ ਦੇ ਅਪਰਾਧ ਦੇ "*ਵਾਂਗ ਨਹੀਂ"* ਸੀ। NEB ਵਿੱਚ ਹੈ "ਪਰਮੇਸ਼ੁਰ ਦਾ ਦਯਾ ਦਾ ਕੰਮ ਆਦਮ ਦੇ ਅਪਰਾਧ ਦੇ

ਸਾਰੇ ਅਨੁਪਾਤ ਤੋਂ ਬਾਹਰ ਹੈ।"

ਉਸ ਤੋਂ ਬਾਅਦ, ਪੌਲੁਸ ਨੇ ਉਸਦੀ ਇੱਕ ਉਦਾਹਰਣ ਦਿੱਤੀ ਜੋ ਉਸ ਦੇ ਮਨ ਵਿੱਚ ਸੀ। ਇੱਕ ਪਾਸੇ, **ਜਦ ਇੱਕ ਦੇ** [ਆਦਮ] **ਅਪਰਾਧ ਤੋਂ ਬਹੁਤ ਲੋਕ ਮਰ ਗਏ।** "ਬਹੁਤ ਲੋਕ" ਦੇ ਲਈ ਯੂਨਾਨੀ ਸ਼ਬਦ (πολύς, *ਪੋਲੁਸ*) ਦਾ ਅਰਥ ਹੈ "ਇੱਕ ਵੱਡੀ ਗਿਣਤੀ"। ਕਿੰਨੀ ਵੱਡੀ ਗਿਣਤੀ ਇਹ ਪ੍ਰਸੰਗ ਤੇ ਨਿਰਭਰ ਕਰਦੀ ਹੈ। ਇਸ ਹਵਾਲੇ ਵਿੱਚ, "ਬਹੁਤ ਲੋਕ" "ਸਭ" ਦੇ ਸਥਾਨ ਤੇ ਵਰਤਿਆ ਗਿਆ ਹੈ (5:18)। ਆਦਮ ਦੇ ਪਾਪ ਦਾ ਇੱਕ ਨਤੀਜਾ ਹੈ ਕਿ *ਸਾਰੇ* ਸਰੀਰਕ ਤੌਰ ਤੇ ਮਰਦੇ ਹਨ। "ਕੁਦਰਤੀ ਸਿੱਟਿਆਂ ਦੇ ਦੁਆਰਾ ਮੌਤ ਦਾ ਹੋਣਾ ਬਹੁਤ ਸਾਰੇ ਲੋਕਾਂ ਦੇ ਵਿੱਚ ਆਮ ਹੋ ਗਿਆ ਹੈ" (Phillips)। ਇੱਕ ਹੋਰ ਨਤੀਜਾ ਸੀ ਕਿ ਸੰਸਾਰ ਵਿੱਚ ਪਾਪ ਇਸ ਦੀ ਸਾਰੀ ਦੁੱਖ ਭਰੀ ਤਬਾਹੀ ਦੇ ਨਾਲ ਦੁਨੀਆਂ ਵਿੱਚ ਪੇਸ਼ ਕੀਤਾ ਗਿਆ ਸੀ।

ਦੂਜੇ ਪਾਸੇ, **ਪਰਮੇਸ਼ੁਰ ਦੀ ਕਿਰਪਾ ਅਤੇ ਉਹ ਬਖਸ਼ੀਸ਼ ਜਿਹੜੀ ਇੱਕੋ ਮਨੁੱਖ ਅਰਥਾਤ ਯਿਸੂ ਮਸੀਹ ਦੀ ਕਿਰਪਾ ਦੇ ਕਾਰਨ ਸੀ ਬਹੁਤਿਆਂ ਲੋਕਾਂ ਦੇ ਲਈ ਵਾਫ਼ਰ ਪਰਗਟ ਹੋਈ।** ਪਰਮੇਸ਼ੁਰ ਦੇ "ਵਰਦਾਨ" ਯਿਸੂ ਨੇ ਆਦਮ ਦੇ ਪਾਪ ਦੇ ਪ੍ਰਭਾਵ ਨੂੰ ਉਲਟ ਦਿੱਤਾ। ਸਾਰੇ ਲੋਕ ("ਅਨੇਕ") ਮੁਰਦਿਆਂ ਵਿੱਚੋਂ ਜੀ ਉੱਠਣਗੇ (ਯੂਹੰਨਾ 5:28, 29)। ਜਦ ਕਿ, ਪਰਮੇਸ਼ੁਰ ਦੇ "ਵਰਦਾਨ" ਨੇ ਉਸ "ਕਿਤੇ ਵੱਧ ਕੇ" ਕੀਤਾ ਸੀ। ਲੋਕ ਸਿਰਫ ਮੁਰਦਿਆਂ ਦੇ ਵਿੱਚੋਂ ਹੀ ਨਹੀਂ ਜੀ ਉੱਠਣਗੇ, ਸਗੋਂ ਉਨ੍ਹਾਂ ਨੂੰ ਆਤਮਿਕ ਸਰੀਰ ਵੀ ਦਿੱਤੇ ਜਾਣਗੇ (1 ਕੁਰਿੰਥੀਆਂ 15:44)। ਇਸ ਤੋਂ ਵੀ ਵੱਧ ਕੇ, ਧਰਮੀ ਲੋਕ "ਅਨੰਤ ਜੀਵਨ ਦੇ ਵਾਰਸ ਹੋਣਗੇ" (ਮੱਤੀ 19:29)। ਹੋਰ ਵੀ, ਬਚਾਏ ਗਏ ਲੋਕ ਇੱਕ ਫਿਰਦੌਸ ਦੇ ਵਾਰਸ ਹੋਣਗੇ ਜੋ ਉਸ ਨਾਲੋਂ ਕਿਤੇ ਬੇਹਤਰ ਹੈ ਜੋ ਪਹਿਲਾਂ ਆਦਮ ਨੇ ਗੁਆ ਲਿਆ ਸੀ (ਪਰਕਾਸ਼ ਦੀ ਪੋਥੀ 21; 22)। "ਇਸ ਲਈ, ਸੰਸਾਰ ਦੀ ਆਸ ਹੈ, 'ਕਿਤੇ ਵੱਧ ਕੇ' ਤੇ ਹੈ ਜੋ ਪੌਲੁਸ ਕਹਿੰਦਾ ਹੈ।"[51]

ਇਹ ਸਭ ਦਯਾ ਦੇ ਵਰਦਾਨ ਸਨ; ਪਰਮੇਸ਼ੁਰ ਕਿਸੇ ਮਜ਼ਬੂਰੀ ਦੇ ਅਧੀਨ ਨਹੀਂ ਸੀ ਕਿ ਉਸ ਨੂੰ ਵਾਪਸ ਲਿਆਵੇ ਜੋ ਆਦਮ ਨੇ ਕੀਤਾ ਸੀ। ਇਸ ਪ੍ਰਕਾਰ ਪੌਲੁਸ ਨੇ "ਪਰਮੇਸ਼ੁਰ ਦੀ *ਕਿਰਪਾ* ਅਤੇ ਯਿਸੂ ਮਸੀਹ . . . ਦੀ ਕਿਰਪਾ ਦੇ ਦੁਆਰਾ *ਵਰਦਾਨ* . . . ਬਾਰੇ ਦੱਸਿਆ" (ਜ਼ੋਰ ਦਿੱਤਾ ਗਿਆ ਹੈ)। "ਦਯਾ" ਦੇ ਲਈ ਸ਼ਬਦ *ਚੈਰਿਸ* (ਦੋ ਵਾਰ ਵਰਤਿਆ ਗਿਆ ਹੈ) ਹੈ, "ਵਰਦਾਨ" *ਕੈਰਿਜ਼ਮਾ* ਤੋਂ ਨਹੀਂ ਹੈ, ਜਿਵੇਂ ਕਿ ਇਸੇ ਆਇਤ ਵਿੱਚ ਪੱਛੇ ਦੱਸਿਆ ਗਿਆ, ਪਰ δωρεά *(ਡੋਰਿਆ)* ਤੋਂ ਹੈ। ਪੌਲੁਸ ਨੇ ਬਹੁਤ ਸਾਰੇ ਸ਼ਬਦ ਇਸਤੇਮਾਲ ਕੀਤੇ ਹਨ ਤਾਂ ਕਿ ਅਸੀਂ ਅਰਥ ਸਮਝਣ ਵਿੱਚ ਗਲਤੀ ਨਾ ਕਰ ਸਕੀਏ: ਜੋ ਪਰਮੇਸ਼ੁਰ ਨੇ ਸਾਡੇ ਲਈ ਕੀਤਾ ਹੈ ਉਹ ਇੱਕ *ਵਰਦਾਨ* ਹੈ, ਉਸਦੀ *ਦਯਾ* ਦਾ ਇੱਕ ਪ੍ਰਗਟਾਵਾ।

**ਆਇਤ 16.** ਮਸੀਹ ਦੇ ਕੰਮ ਅਤੇ ਆਦਮ ਦੇ ਕੰਮ ਵਿੱਚ ਪੌਲੁਸ ਨੇ ਅੱਗੇ ਹੋਰ ਭਿੰਨਤਾ ਨੂੰ ਵਿਕਸਤ ਕੀਤਾ: **ਵਰਦਾਨ**[52] [ਯਿਸੂ ਦਾ] **ਉਸ** [ਨਤੀਜੇ] **ਵਰਗਾ ਨਹੀਂ ਹੈ ਜੋ ਉਸ ਦੇ ਦੁਆਰਾ ਆਇਆ ਜਿਸ ਨੇ ਪਾਪ ਕੀਤਾ ਸੀ** [ਆਦਮ]। ਰਸੂਲ ਨੇ ਫਿਰ ਤੋਂ ਇਸ ਗੱਲ ਵੱਲ ਧਿਆਨ ਦਵਾਇਆ ਕਿ ਪਰਮੇਸ਼ੁਰ ਦੇ ਵਰਦਾਨ ਨੇ ਉਸ ਤੋਂ "ਕਿਤੇ ਵੱਧ ਕੇ" ਕੀਤਾ ਜੋ ਆਦਮ ਦੇ ਪਾਪ ਨੇ ਪ੍ਰਭਾਵਹੀਣ ਕਰ ਦਿੱਤਾ ਸੀ।

**ਕਿਉਂਕਿ ਇੱਕ ਪਾਸੇ,** ਪੌਲੁਸ ਨੇ ਕਿਹਾ, **ਇੱਕ ਅਪਰਾਧ** [ਆਦਮ ਦਾ ਪਾਪ] **ਦੇ ਕਾਰਨ ਨਿਆਂ ਆਇਆ ਜਿਸਦਾ ਨਤੀਜਾ ਸਜ਼ਾ ਸੀ।** ਪੌਲੁਸ ਨੇ ਇੱਥੇ ਅਦਾਲਤੀ ਭਾਸ਼ਾ ਦਾ ਇਸਤੇਮਾਲ ਕੀਤਾ ਹੈ, ਜਿਵੇਂ ਉਸਨੇ ਅਕਸਰ ਰੋਮੀਆਂ ਵਿੱਚ ਕੀਤਾ ਸੀ। "ਨਿਆਂ" κρίμα *(ਕਰਿਮਾ)* ਤੋਂ ਹੈ ਅਤੇ "ਫੈਸਲਾ" (ਮੈੱਕਕੋਰਡ) ਦਾ ਹਵਾਲਾ ਦਿੰਦਾ ਹੈ। "ਨਿਆਂ" ਦਾ ਅਨੁਵਾਦ

κατάκριμα (*ਕੈਟਾਕਰਿਮਾ* ਤੋਂ ਕੀਤਾ ਗਿਆ ਹੈ, ਜੋ *ਕਰਿਮਾ)* ਦਾ ਸ਼ਕਤੀਸ਼ਾਲੀ ਰੂਪ ਹੈ ਅਤੇ ਇਹ "ਸਜ਼ਾ" ਦਾ ਹਵਾਲਾ ਦਿੰਦਾ ਹੈ ਫੈਸਲੇ ਨੂੰ ਇੱਕ ਨਤੀਜੇ ਦੇ ਰੂਪ ਵਿੱਚ ਘੋਸ਼ਿਤ ਕਰਦਾ ਹੈ। *ਕੈਟਾਕਰਿਮਾ* ਸਰੀਰਕ ਮੌਤ ਤੇ ਖਾਸ ਜ਼ੋਰ ਦੇਣ ਦੇ ਦੁਆਰਾ, ਮਨੁੱਖਤਾ ਤੇ ਆਈ ਸਾਰੀ ਬੁਰਾਈ ਦਾ ਪ੍ਰਤੀਕ ਹੈ।[53] ਇੱਕੋ ਪਾਪ ਉਨ੍ਹਾਂ *ਸਭਨਾਂ*-ਆਦਮੀਆਂ, ਇਸਤਰੀਆਂ, ਅਤੇ ਬੱਚਿਆਂ ਦੀ ਸਰੀਰਕ ਮੌਤ ਦਾ ਕਾਰਣ ਬਣਿਆ ਜੋ ਕਦੀ ਵੀ ਜਿੰਦਾ ਰਹੇ ਹਨ![54]

**ਪਰ ਦੂਜੇ ਪਾਸੇ**, ਪੌਲੁਸ ਜਾਰੀ ਰਿਹਾ, **ਮੁਫ਼ਤ ਵਰਦਾਨ** [*ਕੈਰਿਜ਼ਮਾ*] **ਬਹੁਤੇ ਅਪਰਾਧਾਂ ਕਰਕੇ ਆਇਆ ਜਿਸ ਦਾ ਨਤੀਜਾ ਧਰਮੀ ਠਹਿਰਾਏ ਜਾਣ ਦੇ ਰੂਪ ਵਿੱਚ ਨਿੱਕਲਿਆ।** ਵਾਕ "ਬਹੁਤੇ ਅਪਰਾਧਾਂ" ਤੋਂ ਭਾਵ ਇਹ ਹੈ ਕਿ ਜੇਕਰ ਇੱਕ ਅਪਰਾਧ ਇੰਨਾ ਭਿਆਨਕ ਸੀ ਕਿ ਇਸ ਨੇ ਸਾਰੀ ਮਨੁੱਖ ਜਾਤੀ ਨੂੰ ਪ੍ਰਭਾਵਿਤ ਕੀਤਾ, ਤਾਂ "ਬਹੁਤ ਸਾਰੇ ਅਪਰਾਧਾਂ" ਦੀ ਵੱਡੀ ਭਿਆਨਕਤਾ ਸਮਝ ਤੋਂ ਬਾਹਰ ਹੈ: ਪਹਿਲੇ ਪਾਪ ਤੋਂ ਲੈ ਕੇ ਅਰਬਾਂ-ਅਰਬਾਂ ਪਾਪ ਕੀਤੇ ਗਏ ਹਨ। ਲਾਰਡ ਨੇ ਲਿਖਿਆ, "ਕੋਈ ਵੀ ਮਨੁੱਖ [ਪਾਪ ਦੀ] ਬਹੁਲਤਾ ਦੀ ਕਲਪਨਾ ਨਹੀਂ ਕਰ ਸਕਦਾ ਹੈ। ਇਸ ਦਰ ਤੇ, ਪੰਜਾਹ ਸਾਲਾਂ ਦੇ ਇੱਕ ਜੀਵਨ ਦੇ ਪਾਪਾਂ ਦੀ ਸਹੀ ਸਜ਼ਾ ਕੀ ਹੋਵੇਗੀ?"[55]

ਉਸ "ਇੱਕ ਜੀਵਨ" ਨੂੰ ਉਨ੍ਹਾਂ ਜੀਵਨਾਂ ਦੇ ਨਾਲ ਗੁਣਾ ਕਰੋ ਜੋ ਭੂਤਕਾਲ ਵਿੱਚ ਜਿੰਦਾ ਰਹੇ ਸਨ ਅਤੇ ਹੁਣ ਜੀ ਰਹੇ ਸੱਤ ਅਰਬ ਲੋਕਾਂ ਨੂੰ ਉਨ੍ਹਾਂ ਦੇ ਵਿੱਚ ਜਮ੍ਹਾਂ ਕਰ ਦਿਓ—ਅਤੇ ਪਰਿਣਾਮ ਮਨੁੱਖੀ ਸੋਚ ਤੋਂ ਪਰੇ ਹੈ। ਇਸ ਪ੍ਰਕਾਰ ਇਹ ਪ੍ਰਸ਼ਨ ਪੁੱਛਿਆ ਜਾਣਾ ਚਾਹੀਦਾ ਹੈ: ਕੀ ਪਰਮੇਸ਼ੁਰ ਦਾ ਵਰਦਾਨ ਸਿਰਫ ਆਦਮ ਦੇ ਪਾਪ ਦੇ ਅਸਰ ਨੂੰ ਹੀ ਨਹੀਂ, ਸਗੋਂ ਉਨ੍ਹਾਂ "ਬਹੁਤੇ ਅਪਰਾਧਾਂ" ਦੇ ਅਸਰ ਨੂੰ ਖ਼ਤਮ ਕਰਨ ਦੇ ਲਈ ਵੀ ਕਾਫੀ ਹੈ?

ਪੌਲੁਸ ਦਾ ਉੱਤਰ ਇੱਕ ਜ਼ਬਰਦਸਤ ਪੁਸ਼ਟੀ ਸੀ। ਉਸਨੇ ਕਿਹਾ ਕਿ ਮੁਫ਼ਤ ਵਰਦਾਨ "ਧਰਮੀ ਠਹਿਰਾਏ ਜਾਣ" ਦਾ ਪਰਿਣਾਮ ਹੈ। ਦੁਬਾਰਾ, ਉਸ ਨੇ ਕਾਨੂੰਨੀ ਭਾਸ਼ਾ ਦਾ ਇਸਤੇਮਾਲ ਕੀਤਾ। NEB ਵਿੱਚ "ਦਯਾ ਦਾ ਇੱਕ ਕੰਮ . . . ਬਰੀ ਕੀਤੇ ਜਾਣ ਫੈਸਲੇ ਵਜੋਂ ਜਾਰੀ ਕੀਤਾ" ਹੈ। ਹੋਰਨਾਂ ਸ਼ਬਦਾਂ ਵਿੱਚ, ਯਿਸੂ ਦੇ ਦੁਆਰਾ, ਆਦਮ ਅਤੇ ਉਸ ਦੀ ਸਾਰੀ ਸੰਤਾਨ ਤੇ ਸੁਣਾਇਆ ਗਿਆ ਫੈਸਲਾ ਵਾਪਸ ਕੀਤਾ ਗਿਆ ਸੀ।

ਸਰੀਰਕ ਮੌਤ ਵਿੱਚ ਇਹ ਸੱਚ ਹੈ। ਅਸੀਂ ਹੁਣ ਵੀ ਮਰਦੇ ਹਾਂ (ਇਬਰਾਨੀਆਂ 9:27); ਪਰ, ਯਿਸੂ ਦੇ ਕਾਰਨ ਮੌਤ ਸਥਾਈ ਸਥਿਤੀ ਨਹੀਂ ਹੈ (ਯੂਹੰਨਾ 5:28, 29)। ਇਹ ਆਤਮਿਕ ਮੌਤ ਦੇ ਸੰਬੰਧ ਵਿੱਚ ਵੀ ਸੱਚ ਹੈ। ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਪਾਠ ਵਿੱਚ ਪੌਲੁਸ ਪਰਮੇਸ਼ੁਰ ਦੇ ਵਰਦਾਨ ਦੀ ਜ਼ਬਰਦਸਤ ਯੋਗਤਾ ਤੇ ਜ਼ੋਰ ਦੇ ਰਿਹਾ ਹੈ, ਜਿਸਨੂੰ ਵਾਕ "ਕਿਤੇ ਵੱਧ ਕੇ" ਦੁਆਰਾ ਵਿਅਕਤ ਕੀਤਾ ਗਿਆ ਹੈ। ਰੋਮੀਆਂ ਵਿੱਚ, "ਧਰਮੀ ਠਹਿਰਾਇਆ ਜਾਣਾ" (δικαίωμα, *ਡਿਕਾਈਓਮਾ)* ਆਮ ਤੌਰ ਤੇ ਪਰਮੇਸ਼ੁਰ ਦੀਆਂ ਨਜ਼ਰਾਂ ਵਿੱਚ ਧਰਮੀ ਗਿਣਿਆ ਜਾਣਾ ਹੈ। ਇਸੇ ਤਰ੍ਹਾਂ, ਇਸ ਪਾਠ ਵਿੱਚ, *ਡਿਕਾਈਓਮਾ* ਵਿੱਚ ਵਰਦਾਨ ਦੇ ਆਤਮਿਕ ਲਾਭ ਵੀ ਸ਼ਾਮਿਲ ਹਨ।[56] ਮਸੀਹ ਦੇ ਬਲੀਦਾਨ ਦੀ ਧਰਮੀ ਠਹਿਰਾਉਣ ਦੀ ਸ਼ਕਤੀ ਅਥਾਹ ਹੈ, "ਕਿਉਂਕਿ ਇਹ ਵਿਸ਼ਵਾਸੀਆਂ ਲਈ ਇਕੱਠਾ ਕਰਨ ਵਾਲੀ ਸ਼ਕਤੀ ਦੇ ਨਾਲ ਅਣਗਿਣਤ ਪਾਪੀਆਂ ਦੇ ਦੁਆਰਾ, ਮਨੁੱਖੀ ਜੀਵਨਾਂ ਦੇ ਸਾਰੇ ਅਣਕਹੇ ਪਲਾਂ ਵਿੱਚ ਕੀਤੇ ਗਏ ਅਣਗਿਣਤ ਪਾਪਾਂ ਨੂੰ ਰੱਦ ਕਰਦੀ ਹੈ।"[57]

**ਆਇਤ 17.** ਪੌਲੁਸ ਫਿਰ ਪਰਮੇਸ਼ੁਰ ਦੇ ਵਰਦਾਨ ਦੇ ਆਤਮਿਕ ਪ੍ਰਭਾਵ ਤੇ ਜ਼ੋਰ ਦਿੰਦਾ ਹੈ। ਪੌਲੁਸ ਕਹਿੰਦਾ ਹੈ ਕਿ **ਉਸ ਇੱਕ ਦੇ ਅਪਰਾਧ ਕਰਕੇ, ਉਸ ਇੱਕ ਦੇ ਰਾਹੀਂ ਮੌਤ ਨੇ**

**ਰਾਜ ਕੀਤਾ** (ਵੇਖੋ 5:14 ਤੇ ਟਿੱਪਣੀਆਂ)। NEB ਵਿੱਚ ਹੈ "ਇੱਕ ਪਾਪੀ ਦੇ ਕਾਰਨ, ਮੌਤ ਨੇ ਆਪਣੇ ਰਾਜ ਦੀ ਸਥਾਪਨਾ ਕੀਤੀ।" ਫਿਰ ਪੌਲੁਸ ਨੇ ਤੁਲਨਾ ਨੂੰ ਪੇਸ਼ ਕੀਤਾ: **ਤਾਂ ਬਹੁਤ ਵਧੀਕ ਓਹ ਲੋਕ ਜਿਨ੍ਹਾਂ ਨੂੰ ਕਿਰਪਾ ਅਤੇ ਧਰਮ ਦੀ ਬਖ਼ਸ਼ੀਸ਼ ਵਾਫ਼ਰ ਮਿਲੀ ਹੈ ਉਸ ਇੱਕ ਅਰਥਾਤ ਯਿਸੂ ਮਸੀਹ ਦੇ ਰਾਹੀਂ ਜੀਵਨ ਵਿੱਚ ਰਾਜ ਕਰਨਗੇ।**

ਤੁਲਨਾ ਦੇ ਘੱਟੋ-ਘੱਟ ਤਿੰਨ ਬਿੰਦੂ ਆਇਤ 17 ਵਿੱਚ ਪਰਗਟ ਜਾਂ ਸ਼ਾਮਲ ਹਨ। ਪਹਿਲਾ ਇਹ ਹੈ ਕਿ ਬਖ਼ਸ਼ੀਸ਼ ਦਾ ਨਤੀਜਾ ਅਪਰਾਧ ਦੇ ਨਤੀਜੇ ਤੋਂ "ਕਿਤੇ ਵੱਧ ਕੇ" ਹੈ। ਇਸ ਜ਼ੋਰ ਉੱਤੇ "ਵਾਫ਼ਰ" (περισσεία, *ਪੇਰੀਸੀਆ)* ਨਾਲ ਹੋਰ ਵਧੀਕ ਜ਼ੋਰ ਦਿੱਤਾ ਗਿਆ ਹੈ। ਇਸ "ਕਿਤੇ ਵੱਧ ਕੇ" ਪਰਿਣਾਮ ਨੂੰ "ਧਾਰਮਿਕਤਾ ਦੀ ਬਖ਼ਸ਼ੀਸ਼ [*ਡੋਰਿਆ*]" ਸ਼ਬਦਾਂ ਦੇ ਨਾਲ ਵਿਅਕਤ ਕੀਤਾ ਜਾਂਦਾ ਹੈ। "ਧਾਰਮਿਕਤਾ" (δικαιοσύνη, *ਡੀਕਾਈਓਸੂਨ)* ਸ਼ਬਦਾਂ ਦੀ ਉਸੇ ਸ਼੍ਰੇਣੀ ਵਿੱਚੋਂ ਹੈ ਜਿਸ ਵਿੱਚੋਂ ਸ਼ਬਦ "ਧਾਰਮਿਕਤਾ" ਆਇਆ ਹੈ। ਇਹ ਪਰਮੇਸ਼ੁਰ ਦੀਆਂ ਨਜ਼ਰਾਂ ਵਿੱਚ ਠੀਕ ਗਿਣੇ ਜਾਣ ਨੂੰ ਦਰਸਾਉਂਦਾ ਹੈ।

ਦੂਸਰੀ ਤੁਲਨਾ ਨੂੰ ਅਰਥ ਦੇ ਰੂਪ ਵਿੱਚ ਪੇਸ਼ ਕੀਤਾ ਗਿਆ ਹੈ। ਆਦਮ ਦੇ ਅਪਰਾਧ ਦੇ ਇੱਕ ਨਤੀਜੇ ਬਾਰੇ ਸਾਡੇ ਕੋਲ ਕੋਈ ਚੋਣ ਨਹੀਂ ਹੈ: ਜੇਕਰ ਅਸੀਂ ਪੈਦਾ ਹੋਏ ਹਾਂ, ਤਾਂ ਸਾਨੂੰ ਸਰੀਰਕ ਤੌਰ ਤੇ ਮਰਨਾ ਪਵੇਗਾ। (ਜੋ ਮੌਤ ਤੋਂ ਬਚਣਗੇ ਉਹ ਸਿਰਫ ਉਹੀ ਲੋਕ ਹੋਣਗੇ ਜੋ ਯਿਸੂ ਦੀ ਆਮਦ ਦੇ ਸਮੇਂ ਜ਼ਿੰਦਾ ਹੋਣਗੇ; 1 ਥੱਸਲੁਨੀਕੀਆਂ 4:15-17)। ਜਦ ਕਿ, ਸਾਡੇ ਕੋਲ ਪਰਮੇਸ਼ੁਰ ਦੀ ਬਖ਼ਸ਼ੀਸ਼ ਦੇ ਸਭ ਤੋਂ ਮਹੱਤਵਪੂਰਣ ਪਰਿਣਾਮ ਦੇ ਸੰਬੰਧ ਵਿੱਚ ਚੋਣ ਹੈ: ਧਰਮੀ ਗਿਣੇ ਜਾਣ ਦੀ ਚੋਣ। ਇਸ ਲਈ, ਪੌਲੁਸ ਨੇ ਉਨ੍ਹਾਂ ਦੇ ਲਈ ਬੋਲਿਆ "ਉਹ ਜੋ ਦਯਾ ਦੀ ਭਰਪੂਰੀ ਅਤੇ ਧਾਰਮਿਕਤਾ ਦੇ ਵਰਦਾਨ ਨੂੰ *ਪ੍ਰਾਪਤ* ਕਰਦੇ ਹਨ" (ਜ਼ੋਰ ਦਿੱਤਾ ਗਿਆ ਹੈ)। ਕਿਸੇ ਵੀ ਵਰਦਾਨ ਨੂੰ ਸਵੀਕਾਰ ਕੀਤਾ ਜਾਂ ਅਸਵੀਕਾਰ ਕੀਤਾ ਜਾ ਸਕਦਾ ਹੈ। ਸਿਰਫ ਉਹੀ ਲੋਕ ਜੋ ਪਰਮੇਸ਼ੁਰ ਦੇ ਵਰਦਾਨ ਨੂੰ "ਵਿਸ਼ਵਾਸ ਦੀ ਆਗਿਆਕਾਰੀ ਕਰਕੇ" ਸਵੀਕਾਰ ("ਪ੍ਰਾਪਤ") ਕਰਦੇ ਹਨ (ਰੋਮੀਆਂ 1:5; 16:26) ਉਹੀ ਉਸ ਵਰਦਾਨ ਦੇ ਸਾਰੇ ਲਾਭਾਂ ਨੂੰ ਪ੍ਰਾਪਤ ਕਰਦੇ ਹਨ।

ਤੁਲਨਾ ਦਾ ਤੀਸਰਾ ਬਿੰਦੂ ਅਕਾਲਪਨਿਕ ਹੈ। ਆਇਤ 17 ਦੇ ਪਹਿਲੇ ਹਿੱਸੇ ਵਿੱਚ, ਪੌਲੁਸ *ਮੌਤ* ਦੇ ਰਾਜ ਕਰਨ ਦੀ ਗੱਲ ਕੀਤੀ ਸੀ। ਜਦੋਂ ਅਸੀਂ ਅਗਾਂਹ ਵੱਧਦੇ ਹਾਂ, ਤਾਂ ਅਸੀਂ ਇਹ ਪੜ੍ਹਨ ਦੀ ਉਮੀਦ ਕਰ ਸਕਦੇ ਹਾਂ, ਮਸੀਹ ਦੇ ਦੁਆਰਾ, ਹੁਣ *ਜੀਵਨ* ਰਾਜ ਕਰਦਾ ਹੈ। ਇਸ ਦੀ ਬਜਾਇ, ਪੌਲੁਸ ਕਹਿੰਦਾ ਹੈ ਕਿ ਉਹ ਲੋਕ ਜੋ ਬਖ਼ਸ਼ੀਸ਼ ਨੂੰ ਪ੍ਰਾਪਤ ਕਰਦੇ ਹਨ "ਜੀਵਨ ਵਿੱਚ ਰਾਜ ਕਰਨਗੇ।" ਗੁਲਾਮ (ਪਾਪੀ) ਸ਼ਾਸਕ (ਮੌਤ) ਦੇ ਨਾਲ ਵਪਾਰਕ ਸਥਾਨਾਂ ਤੇ!

ਮਸੀਹੀ ਲੋਕ ਹੁਣ ਮਸੀਹ ਦੇ ਰਾਜ ਦੇ ਇੱਕ ਹਿੱਸੇ, ਕਲੀਸਿਆ ਦੇ ਰੂਪ ਵਿੱਚ "ਰਾਜ" ਕਰਦੇ ਹਨ (ਪਰਕਾਸ਼ ਦੀ ਪੋਥੀ 1:6; 5:10) ਅਤੇ ਅਨੰਤ ਕਾਲ ਤੱਕ ਮਸੀਹ ਨਾਲ ਰਾਜ ਕਰਨਗੇ (2 ਤਿਮੋਥਿਉਸ 2:12)। "ਜੀਵਨ ਵਿੱਚ" ਰਾਜ ਕਰਨ ਦੇ ਸੰਬੰਧ ਵਿੱਚ, ਸਾਨੂੰ ਯਿਸੂ ਦੇ ਇਸ ਕਥਨ ਦਾ ਚੇਤਾ ਕਰਾਇਆ ਗਿਆ ਹੈ: "ਮੈਂ ਇਸ ਲਈ ਆਇਆ ਭਈ ਉਨ੍ਹਾਂ ਨੂੰ ਜੀਉਣ ਮਿਲੇ ਸਗੋਂ ਚੋਖਾ ਮਿਲੇ" (ਯੂਹੰਨਾ 10:10)। ਸਾਡੇ ਕੋਲ ਮਸੀਹ ਵਿੱਚ ਹੁਣ "ਨਵਾਂ ਜੀਵਨ" ਹੈ (ਰੋਮੀਆਂ 6:4) ਅਤੇ ਇੱਕ ਦਿਨ ਅਸੀਂ ਸਵਰਗ ਵਿੱਚ "ਅਨੰਤ ਜੀਵਨ" ਦਾ ਅਨੰਦ ਮਾਣਾਂਗੇ (ਰੋਮੀਆਂ 6:23; ਤੀਤੁਸ 1:2)।

ਫਿਰ ਤੋਂ, ਇਸ ਗੱਲ ਤੇ ਜ਼ੋਰ ਦਿੱਤਾ ਗਿਆ ਹੈ ਕਿ ਇੱਕ ਮਨੁੱਖ (ਆਦਮ) ਦੁੱਖ ਨੂੰ ਲਿਆਇਆ, ਜਦ ਕਿ ਇੱਕ ਮਨੁੱਖ (ਮਸੀਹ) ਖੁਸ਼ੀ ਲੈ ਕੇ ਆਇਆ: "ਜਦੋਂ ਉਸ ਇੱਕ ਦੇ

ਅਪਰਾਧ ਕਰਕੇ ਉਸ ਇੱਕ ਦੇ ਰਾਹੀਂ ਮੌਤ ਨੇ ਰਾਜ ਕੀਤਾ ਤਾਂ ਬਹੁਤ ਵਧੀਕ ਓਹ ਲੋਕ ਜਿਨ੍ਹਾਂ ਨੂੰ ਕਿਰਪਾ ਅਤੇ ਧਰਮ ਦੀ ਬਖ਼ਸ਼ੀਸ਼ ਵਾਫ਼ਰ ਮਿਲੀ ਹੈ ਉਸ ਇੱਕ ਅਰਥਾਤ ਯਿਸੂ ਮਸੀਹ ਦੇ ਰਾਹੀਂ ਜੀਵਨ ਵਿੱਚ ਰਾਜ ਕਰਨਗੇ।"

### ਆਦਮ ਅਤੇ ਮਸੀਹ ਦੀ ਤੁਲਨਾ (5:18-21)

**[18]ਉਪਰੰਤ ਜਿਵੇਂ ਇੱਕ ਦੇ ਅਪਰਾਧ ਦੇ ਕਾਰਨ ਸਭਨਾਂ ਮਨੁੱਖਾਂ ਉੱਤੇ ਦੋਸ਼ ਲੱਗਾ ਤਿਵੇਂ ਹੀ ਧਰਮ ਦੇ ਇੱਕ ਕੰਮ ਦੇ ਕਾਰਨ ਸਭਨਾਂ ਮਨੁੱਖਾਂ ਲਈ ਮਾਫ਼ੀ ਅਤੇ ਜੀਵਨ ਮਿਲਿਆ।**
**[19]ਕਿਉਂਕਿ ਜਿਵੇਂ ਉਸ ਇੱਕ ਮਨੁੱਖ ਦੀ ਅਣਆਗਿਆਕਾਰੀ ਦੇ ਕਾਰਨ ਬਹੁਤ ਲੋਕ ਪਾਪੀ ਠਹਿਰਾਏ ਗਏ ਤਿਵੇਂ ਹੀ ਇਸ ਇੱਕ ਦੀ ਆਗਿਆਕਾਰੀ ਦੇ ਕਾਰਨ ਵੀ ਬਹੁਤ ਧਰਮੀ ਠਹਿਰਾਏ ਜਾਣਗੇ।**
**[20]ਨਾਲੇ ਸ਼ਰਾ ਭੀ ਆਈ ਭਈ ਅਪਰਾਧ ਬਾਹਲਾ ਹੋਵੇ ਪਰ ਜਿੱਥੇ ਪਾਪ ਬਾਹਲਾ ਹੋਇਆ ਉੱਥੇ ਹੀ ਕਿਰਪਾ ਅੱਤ ਵਧੀਕ ਹੋਈ।**
**[21]ਇਸ ਲਈ ਕਿ ਜਿਵੇਂ ਪਾਪ ਨੇ ਮੌਤ ਨਾਲ ਰਾਜ ਕੀਤਾ ਤਿਵੇਂ ਕਿਰਪਾ ਭੀ ਯਿਸੂ ਮਸੀਹ ਸਾਡੇ ਪ੍ਰਭੂ ਦੇ ਵਸੀਲੇ ਨਾਲ ਸਦੀਪਕ ਜੀਵਨ ਦੇ ਲਈ ਧਰਮ ਦੇ ਰਾਹੀਂ ਰਾਜ ਕਰੇ।**

ਇਸ ਵਚਨ ਦੇ ਪਿਛਲੇ ਭਾਗ ਵਿੱਚ ਜੋ ਜ਼ੋਰ ਦਿੱਤਾ ਗਿਆ ਸੀ (5:15-17) ਉਹ ਆਦਮ ਅਤੇ ਮਸੀਹ ਵਿਚਲੀ *ਭਿੰਨਤਾ* ਉੱਤੇ ਸੀ: ਪੌਲੁਸ ਨੇ ਕਿਹਾ ਕਿ ਪਰਮੇਸ਼ੁਰ ਦੀ ਬਖ਼ਸ਼ੀਸ਼ ਅਪਰਾਧ ਵਰਗੀ ਨਹੀਂ ਹੈ (5:15)। ਇਸ ਭਾਗ (5:18-21) ਦਾ ਕੇਂਦਰ ਬਿੰਦੂ ਮਸੀਹ ਅਤੇ ਆਦਮ ਦੇ ਵਿਚਕਾਰ *ਤੁਲਨਾ* ਹੈ। ਲਗਭਗ ਹਰ ਇੱਕ ਆਇਤ ਵਿੱਚ ਤੁਲਨਾ ਦੇ ਸ਼ਬਦ ਆਏ ਹਨ: "ਉਪਰੰਤ ਜਿਵੇਂ . . . ਤਿਵੇਂ ਹੀ" (5:18); "ਕਿਉਂਕਿ ਜਿਵੇਂ . . . ਤਿਵੇਂ ਹੀ" (5:19); "ਇਸ ਲਈ . . . ਤਿਵੇਂ" (5:21)। ਇਸ ਹਵਾਲੇ ਦੀਆਂ ਆਖਰੀ ਆਇਤਾਂ ਵਿੱਚ ਰਸੂਲ ਨੇ ਉਨ੍ਹਾਂ ਗੱਲਾਂ ਤੇ ਜ਼ੋਰ ਦਿੱਤਾ ਹੈ ਜਿਨ੍ਹਾਂ ਵਿੱਚ ਆਦਮ ਅਤੇ ਮਸੀਹ ਬਰਾਬਰ ਸਨ—ਜਾਂ, ਖਾਸ ਤੌਰ ਤੇ ਉਨ੍ਹਾਂ ਤਰੀਕਿਆਂ ਤੇ ਜਿਨ੍ਹਾਂ ਵਿੱਚ ਉਨ੍ਹਾਂ ਦੇ ਕੰਮ ਇੱਕੋ ਜਿਹੇ ਸਨ।

**ਆਇਤ 18.** ਜਿਵੇਂ ਪਹਿਲਾਂ ਜ਼ਿਕਰ ਕੀਤਾ ਗਿਆ ਸੀ, ਪੌਲੁਸ ਨੇ ਆਇਤ 12 ਵਿੱਚ ਸ਼ੁਰੂ ਕੀਤੇ ਗਏ ਵਾਕ ਨੂੰ ਖਤਮ ਨਹੀਂ ਕੀਤਾ ਸੀ: "ਇਸ ਲਈ ਜਿਵੇਂ ਇੱਕ ਮਨੁੱਖ ਤੋਂ ਪਾਪ ਸੰਸਾਰ ਵਿੱਚ ਆਇਆ ਅਤੇ ਪਾਪ ਤੋਂ ਮੌਤ ਆਈ ਅਤੇ ਇਸੇ ਤਰ੍ਹਾਂ ਮੌਤ ਸਭਨਾਂ ਮਨੁੱਖਾਂ ਵਿੱਚ ਫੈਲਰ ਗਈ ਏਸ ਲਈ ਜੋ ਸਭਨਾਂ ਨੇ ਪਾਪ ਕੀਤਾ—।" ਭਾਵੇਂ ਉਸ ਨੇ ਇਸ ਵਾਕ ਨੂੰ ਅਧੂਰਾ ਛੱਡ ਦਿੱਤਾ ਸੀ, ਪਰ ਉਸ ਨੇ ਆਪਣੇ ਵਿਚਾਰ ਦੇ ਪਦ ਚਿੰਨ੍ਹ ਨੂੰ ਨਹੀਂ ਗੁਆਇਆ। ਆਇਤ 18 ਵਿੱਚ, ਉਸ ਨੇ ਫਿਰ ਤੋਂ ਆਇਤ 12 ਦੇ ਵਿਚਾਰ ਨੂੰ ਅੱਗੇ ਵਧਾਇਆ: **ਉਪਰੰਤ ਜਿਵੇਂ ਇੱਕ ਅਪਰਾਧ ਦੇ ਕਾਰਨ ਸਭਨਾਂ ਮਨੁੱਖਾਂ ਉੱਤੇ ਦੋਸ਼ ਲੱਗਾ ਤਿਵੇਂ ਹੀ ਧਰਮ ਦੇ ਇੱਕ ਕੰਮ ਦੇ ਕਾਰਨ ਸਭਨਾਂ ਮਨੁੱਖਾਂ ਲਈ ਮਾਫ਼ੀ ਅਤੇ ਜੀਵਨ ਮਿਲਿਆ।** "ਇੱਕ ਅਪਰਾਧ" ਉਹ ਸੀ ਜੋ ਆਦਮ ਦੇ ਦੁਆਰਾ ਅਦਨ ਦੇ ਬਗੀਚੇ ਵਿੱਚ ਕੀਤਾ ਗਿਆ ਸੀ, ਜਦ ਕਿ "ਧਾਰਮਿਕਤਾ ਦਾ ਇੱਕ ਕੰਮ" ਸਲੀਬ ਉੱਤੇ ਯਿਸੂ ਦੀ ਮੌਤ ਸੀ।

ਕੁੱਝ ਲੋਕ ਆਇਤ 18 ਨੂੰ "ਸਰਵ—ਮੁਕਤੀਵਾਦ" ਦੀ ਸਿੱਖਿਆ ਦੇਣ ਲਈ ਇਸਤੇਮਾਲ ਕਰਨ ਦੀ ਕੋਸ਼ਿਸ਼ ਕਰਦੇ ਹਨ-ਭਾਵ, ਇਹ ਵਿਚਾਰ ਕਿ ਸਭ ਲੋਕ ਬਚਾਏ ਜਾਣਗੇ। ਹੋਰਨਾਂ ਸਥਾਨਾਂ ਤੇ ਇਹ ਸਥਿਤੀ ਬਾਈਬਲ ਦੀ ਸਧਾਰਣ ਸਿੱਖਿਆ ਤੋਂ ਉਲਟ ਹੈ (2:5-9; ਮੱਤੀ

7:13, 14; 25:41, 46)। ਜੇਕਰ ਇਹ ਹਵਾਲਾ ਸਰਵ-ਮੁਕਤੀਵਾਦ ਨਹੀਂ ਸਿਖਾਉਂਦਾ, ਤਾਂ ਇਹ ਕੀ ਸਿਖਾਉਂਦਾ ਹੈ?

ਇਸ ਸਮੁੱਚੇ ਹਵਾਲੇ ਦਾ ਮੂਲ ਜ਼ੋਰ ਇਸ ਗੱਲ ਤੇ ਹੈ ਕਿ ਆਦਮ ਦਾ ਅਪਰਾਧ ਸਾਰੇ ਲੋਕਾਂ ਤੇ ਪਰੀਖਿਆਵਾਂ ਅਤੇ ਪਰਤਾਵਿਆਂ ਦੇ ਨਾਲ ਭਰੇ ਹੋਏ ਸੰਸਾਰ ਵਿੱਚ ਰਹਿਣ ਅਤੇ ਆਖਰਕਾਰ ਸਰੀਰਕ ਮੌਤ ਦਾ ਸਵਾਦ ਚੱਖਣ ਦੀ "ਸਜ਼ਾ" ਲੈ ਆਇਆ। ਇਹ ਮੌਤ ਦੀ ਸਜ਼ਾ ਯਿਸੂ ਦੇ "ਇੱਕ ਕੰਮ" ਨਾਲ ਰੱਦ ਹੋ ਗਈ ਸੀ। ਹੁਣ, ਪ੍ਰਭੂ ਦੀ ਮਦਦ ਦੇ ਨਾਲ ਅਸੀਂ ਪਾਪ ਅਤੇ ਮੌਤ ਦੇ ਉੱਤੇ ਜਿੱਤ ਪ੍ਰਾਪਤ ਕਰ ਸਕਦੇ ਹਾਂ (8:11, 13, 35-39)।

ਕੀ "ਦੋਸ਼ੀ ਠਹਿਰਾਏ ਜਾਣ" ਅਤੇ "ਧਰਮੀ ਠਹਿਰਾਏ ਜਾਣ" ਦਾ ਅਰਥ ਆਤਮਿਕ ਖੇਤਰ ਤੱਕ ਹੀ ਸੀਮਿਤ ਹੋਣਾ ਚਾਹੀਦਾ ਹੈ? ਜੇਕਰ ਅਜਿਹਾ ਹੈ ਤਾਂ ਆਇਤ 18 ਨੂੰ ਸ਼ਰਤਬੰਦ ਕਥਨ ਦੇ ਰੂਪ ਵਿੱਚ ਵੇਖਿਆ ਜਾਣਾ ਚਾਹੀਦਾ ਹੈ—ਉਹ ਸ਼ਰਤਾਂ ਜਿਨ੍ਹਾਂ ਨੂੰ ਬਿਆਨ ਨਹੀਂ ਕੀਤਾ ਗਿਆ ਹੈ ਪਰ ਸਮਝਿਆ ਜਾਂਦਾ ਹੈ। ਇਹ ਆਇਤ ਨੂੰ ਕੁਝ ਇਸ ਪ੍ਰਕਾਰ ਪੜ੍ਹਨਾ ਹੋਵੇਗਾ: "ਇਸ ਲਈ ਫਿਰ ਜਿਵੇਂ ਇੱਕ ਅਪਰਾਧ ਦੇ ਦੁਆਰਾ ਨਤੀਜਾ ਸਾਰੇ ਲੋਕਾਂ ਦਾ [ਜੋ ਪਾਪ ਕਰਦੇ ਹਨ] ਸਜ਼ਾ ਪਾਉਣਾ ਹੋਇਆ, ਉਸੇ ਤਰ੍ਹਾਂ ਹੀ ਧਾਰਮਿਕਤਾ ਦੇ ਇੱਕ ਕੰਮ ਦੇ ਦੁਆਰਾ ਸਾਰੇ ਲੋਕਾਂ [ਜੋ ਵਿਸ਼ਵਾਸ ਕਰਦੇ ਹਨ] ਦੇ ਲਈ ਨਤੀਜਾ ਜੀਵਨ ਦੀ ਧਾਰਮਿਕਤਾ ਹੋਇਆ ਹੈ।"[58]

ਕੋਈ ਵਿਅਕਤੀ 18 ਆਇਤ ਦੀ ਵਿਆਖਿਆ ਕਿਸੇ ਵੀ ਤਰ੍ਹਾਂ ਕਰੇ, ਇਹ ਤੱਥ ਸਪੱਸ਼ਟ ਹੈ: ਇੱਕ ਤਰੀਕਾ ਜਿਸ ਵਿੱਚ ਆਦਮ ਦਾ ਕੰਮ ਅਤੇ ਮਸੀਹ ਦਾ ਕੰਮ ਇਕੋ ਜਿਹੇ ਸਨ ਉਹ ਹੈ ਕਿ ਦੋਵਾਂ ਦੇ ਨਤੀਜੇ ਵਿਸ਼ਵ-ਵਿਆਪੀ ਸਨ।

**ਆਇਤ 19.** ਦੂਸਰਾ ਤਰੀਕਾ ਕਿ ਆਦਮ ਅਤੇ ਮਸੀਹ ਦੇ ਕੰਮ ਮਿਲਦੇ-ਜੁਲਦੇ ਸਨ ਉਹ ਉਸ ਤੱਥ ਵਿੱਚ ਹੈ ਕਿ ਦੋਵਾਂ ਵਿੱਚ ਮੰਨਣ ਜਾਂ ਨਾ ਮੰਨਣ ਦੇ ਵਿਕਲਪ ਸ਼ਾਮਿਲ ਹਨ: **ਕਿਉਂਕਿ ਜਿਵੇਂ ਉਸ ਇੱਕ ਮਨੁੱਖ ਦੀ *ਅਣਆਗਿਆਕਾਰੀ* ਦੇ ਕਾਰਨ ਬਹੁਤ ਲੋਕ** [ਸਭ] **ਪਾਪੀ ਠਹਿਰਾਏ ਗਏ, ਤਿਵੇਂ ਹੀ ਇੱਕ ਦੀ *ਆਗਿਆਕਾਰੀ* ਦੇ ਕਾਰਨ ਵੀ ਬਹੁਤ** [ਸਭ] **ਧਰਮੀ ਠਹਿਰਾਏ ਜਾਣਗੇ** (ਜ਼ੋਰ ਦਿੱਤਾ ਗਿਆ ਹੈ)।

ਅਦਨ ਦੇ ਬਾਗ ਵਿੱਚ, ਆਦਮ ਪਰਮੇਸ਼ੁਰ ਦੀ ਆਗਿਆਕਾਰੀ ਜਾਂ ਅਣਆਗਿਆਕਾਰੀ ਕਰ ਸਕਦਾ ਸੀ-ਅਤੇ ਆਦਮ ਨੇ ਅਣਆਗਿਆਕਾਰੀ ਕਰਨ ਨੂੰ ਚੁਣਿਆ। ਗਤਸਮਨੀ ਦੇ ਬਾਗ ਵਿੱਚ, ਯਿਸੂ ਕੋਲ ਵੀ ਮਿਲਦੀ—ਜੁਲਦੀ ਚੋਣ ਸੀ; ਪਰ ਜਿੱਥੇ ਆਦਮ ਨੇ ਨਤੀਜੇ ਵਜੋਂ ਇਹ ਕਿਹਾ, "ਮੇਰੀ ਮਰਜ਼ੀ ਪੂਰੀ ਹੋਵੇ," ਯਿਸੂ ਨੇ ਕਿਹਾ, "ਤੇਰੀ ਮਰਜ਼ੀ ਪੂਰੀ ਹੋਵੇ" (ਮੱਤੀ 26:42; KJV)।[59] ਇਸ ਹਵਾਲੇ ਵਿੱਚ ਮਸੀਹ ਦੀ ਆਪਣੇ ਪਿਤਾ ਦੀ ਗੱਲ ਮੰਨ ਲੈਣ ਦੀ ਇੱਛਾ ਤੇ ਇਸ ਪ੍ਰਕਾਰ ਜ਼ੋਰ ਦਿੱਤਾ ਗਿਆ ਹੈ:

> ਅਤੇ ਉਹ ਭਾਵੇਂ ਪੁੱਤ੍ਰ ਸੀ ਪਰ ਜਿਹੜੇ ਉਹ ਨੇ ਦੁਖ ਭੋਗੇ ਉਨ੍ਹਾਂ ਤੋਂ ਆਗਿਆਕਾਰੀ ਸਿੱਖੀ। ਅਤੇ ਉਹ ਸਿੱਧ ਹੋ ਕੇ ਓਹਨਾਂ ਸਭਨਾਂ ਦੀ ਜਿਹੜੇ ਉਹ ਦੇ ਆਗਿਆਕਾਰ ਹਨ ਸਦਾ ਦੀ ਗਤੀ ਦਾ ਕਾਰਨ ਹੋਇਆ (ਇਬਰਾਨੀਆਂ 5:8, 9)।

> ਅਤੇ ਮਨੁੱਖ ਦੀ ਸ਼ਕਲ ਵਿੱਚ ਪਰਗਟ ਹੋ ਕੇ ਆਪਣੇ ਆਪ ਨੂੰ ਨੀਵਿਆਂ ਕੀਤਾ ਅਤੇ ਮੌਤ ਤਾਈਂ ਸਗੋਂ ਸਲੀਬ ਦੀ ਮੌਤ ਤਾਈਂ ਆਗਿਆਕਾਰ ਬਣਿਆ (ਫ਼ਿਲਿੱਪੀਆਂ 2:8)।

ਆਇਤ 19 ਵਿੱਚ, ਪੌਲੁਸ ਨੇ ਕਿਹਾ ਕਿ ਆਦਮ ਦੀ ਅਣਆਗਿਆਕਾਰੀ ਦਾ ਇੱਕ ਨਿਚੋੜ

ਇਹ ਸੀ ਕਿ ਸਾਰੇ ਲੋਕ "ਪਾਪੀ ਗਿਣੇ ਗਏ।" ਇਸ ਨੂੰ ਸਮਝਣ ਦਾ ਸਭ ਤੋਂ ਅਸਾਨ ਤਰੀਕਾ ਇਸ ਗੱਲ ਨੂੰ ਸਵੀਕਾਰ ਕਰਨਾ ਹੈ ਕਿ ਆਦਮ ਦੇ ਪਾਪ ਨੇ ਹਰ ਕਿਸੇ ਤੇ ਅਸਰ ਪਾਇਆ ਸੀ। ਕਿਉਂਕਿ ਅਸੀਂ ਸਾਰੇ ਉਸ ਦੇ ਪਾਪ ਦੇ ਨਤੀਜਿਆਂ ਨੂੰ ਭੋਗ ਰਹੇ ਹਾਂ, ਇਸ ਕਰਕੇ ਇਹ ਇਵੇਂ ਹੈ ਜਿਵੇਂ ਕਿ ਅਸੀਂ ਖੁਦ ਪਾਪ ਕੀਤਾ ਹੋਵੇ।

"ਤਾਂ ਵੀ," ਯਿਸੂ ਦੀ ਆਗਿਆਕਾਰੀ ਦੇ ਦੁਆਰਾ, ਸਾਰੇ "ਧਰਮੀ ਠਹਿਰਾਏ ਜਾਣਗੇ।" ਫਿਰ, ਜ਼ੋਰ ਸਜ਼ਾ ਦੇ ਰੱਦ ਕੀਤੇ ਜਾਣ ਤੇ ਹੈ। ਥੌਮਸ ਨੇ 19 ਆਇਤ ਦੇ ਮੁੱਖ ਵਿਚਾਰ ਦੀ ਸਮੀਖਿਆ ਇਸ ਤਰ੍ਹਾਂ ਕੀਤੀ ਹੈ: "ਬਹੁਤ ਲੋਕ ਪਾਪੀ ਬਣੇ [ਆਪਣੀ ਖੁਦ ਦੀ ਕਿਸੇ ਗਲਤੀ ਦੇ ਦੁਆਰਾ ਨਹੀਂ], ਇਸੇ ਤਰ੍ਹਾਂ ਇੱਕ ਦੀ ਆਗਿਆਕਾਰੀ ਦੇ ਦੁਆਰਾ ਬਹੁਤਿਆਂ ਨੂੰ ਧਰਮੀ ਬਣਾਇਆ ਜਾਵੇਗਾ [ਆਪਣੀ ਖੁਦ ਦੀ ਕਿਸੇ ਯੋਗਤਾ ਦੇ ਦੁਆਰਾ ਨਹੀਂ]"[60]

ਆਇਤ 19 ਨੂੰ ਸ਼ਰਤ ਵਾਲਾ ਕਥਨ ਸਮਝਿਆ ਜਾ ਸਕਦਾ ਹੈ, ਜਿਸ ਵਿੱਚ ਸ਼ਰਤਾਂ ਦਾ ਬਿਆਨ ਨਹੀਂ ਹੁੰਦਾ ਪਰ ਉਨ੍ਹਾਂ ਨੂੰ ਸਮਝਿਆਂ ਜਾ ਸਕਦਾ ਹੈ: "ਕਿਉਂਕਿ ਜਿਵੇਂ ਇੱਕ ਮਨੁੱਖ ਦੀ ਅਣਆਗਿਆਕਾਰੀ ਦੇ ਕਾਰਨ ਬਹੁਤ ਲੋਕ ਪਾਪੀ ਠਹਿਰਾਏ ਗਏ [ਜਦੋਂ ਉਹ ਵੀ ਅਣਆਗਿਆਕਾਰੀ] ਸਨ, ਤਿਵੇਂ ਹੀ ਇੱਕ ਮਨੁੱਖ ਦੀ ਆਗਿਆਕਾਰੀ ਦੇ ਕਾਰਨ ਬਹੁਤ ਧਰਮੀ ਠਹਿਰਾਏ ਜਾਣਗੇ [ਜਦੋਂ ਉਹ ਵੀ ਆਗਿਆਕਾਰੀ ਕਰਦੇ ਹਨ]।"

**ਆਇਤ 20.** ਪੌਲੁਸ ਹਮੇਸ਼ਾ ਇਸ ਗੱਲ ਦੇ ਪ੍ਰਤੀ ਸਚੇਤ ਸੀ ਕਿ ਜੋ ਉਹ ਕਹਿ ਰਿਹਾ ਸੀ ਯਹੂਦੀ ਪਾਠਕ ਦਾ ਉਸ ਦੇ ਪ੍ਰਤੀ ਕੀ ਜਵਾਬ ਹੋ ਸਕਦਾ ਹੈ। ਇਸ ਲਈ, ਉਸ ਨੇ ਯਹੂਦੀ ਪ੍ਰਸ਼ਨ ਦਾ ਸੰਭਵ ਜਵਾਬ ਦੇਣ ਲਈ ਆਪਣੇ ਵਿਚਾਰ ਦੀ ਲੜੀ ਨੂੰ ਰੋਕਿਆ: "ਪਰ ਮੂਸਾ ਦੀ ਸ਼ਰਾ ਦੇ ਬਾਰੇ ਕੀ? ਕੀ ਸ਼ਰਾ ਉਨ੍ਹਾਂ ਵਿਰੋਧੀ ਪਰਿਸਥਿਤੀਆਂ ਨੂੰ ਠੀਕ, ਜਾਂ ਘੱਟੋ ਘੱਟ ਸੁਧਾਰ ਨਹੀਂ ਸਕਦੀ ਸੀ ਜੋ ਆਦਮ ਦੇ ਪਾਪ ਦੇ ਕਾਰਨ ਪੈਦਾ ਹੋਈਆਂ?" ਇਸ ਦੇ ਜਵਾਬ ਵਿੱਚ ਪੌਲੁਸ ਦਾ ਉੱਤਰ ਇੱਕ ਜ਼ਬਰਦਸਤ "ਨਹੀਂ!" ਸੀ।

ਰਸੂਲ ਕਹਿੰਦਾ ਹੈ, **ਨਾਲੇ ਸ਼ਰਾ**[61] **ਭੀ ਆਈ ਭਈ ਅਪਰਾਧ ਬਾਹਲਾ ਹੋਵੇ।** ਸ਼ਾਇਦ ਇੱਕ ਯਹੂਦੀ ਇਸ ਬਿਆਨ ਤੇ ਹੇਠ ਲਿਖੇ ਦੇ ਅਨੁਸਾਰ ਪ੍ਰਤਿਕਿਰਿਆ ਕਰੇ: "ਨਹੀਂ, ਨਹੀਂ, ਸ਼ਰਾ ਦਾ ਉਦੇਸ਼ ਧਾਰਮਿਕਤਾ ਨੂੰ ਵਧਾਉਣਾ ਸੀ, ਨਾ ਕਿ ਅਪਰਾਧ ਨੂੰ"—ਅਤੇ ਉਹ ਠੀਕ ਹੋਵੇਗਾ। ਗਲਾਤੀਆਂ ਨੂੰ ਆਪਣੀ ਪੱਤ੍ਰੀ ਵਿੱਚ ਪੌਲੁਸ ਨੇ ਲਿਖਿਆ ਕਿ ਅਪਰਾਧਾਂ ਦੇ ਕਾਰਨ "[ਸ਼ਰਾ] ਨੂੰ [ਅਬਰਾਹਾਮ ਨਾਲ ਕੀਤੇ ਨੇਮ ਵਿੱਚ] ਜੋੜਿਆ ਗਿਆ ਸੀ" (ਗਲਾਤੀਆਂ 3:19)। NASB ਦੇ ਕੁਝ ਸੰਸਕਰਣਾਂ ਵਿੱਚ ਹਵਾਲੇ ਦੀ ਇਹ ਟਿੱਪਣੀ ਹੈ "ਅਪਰਾਧਾਂ ਦੇ ਕਾਰਨ": "[ਅਪਰਾਧਾਂ] ਨੂੰ ਪਰਿਭਾਸ਼ਿਤ ਕਰਨ ਦੇ ਲਈ।" ਲੋਕਾਂ ਨੂੰ ਪਾਪ ਦੀ ਪਛਾਣ ਕਰਨ ਵਿੱਚ ਮਦਦ ਲਈ ਸ਼ਰਾ ਦਿੱਤੀ ਗਈ, ਜਿਸ ਨਾਲ ਉਨ੍ਹਾਂ ਨੂੰ ਪਾਪ ਨਾ ਕਰਨ ਲਈ ਉਤਸ਼ਾਹਿਤ ਕੀਤਾ ਜਾ ਸਕੇ।

ਫਿਰ ਵੀ, ਸ਼ਰਾ ਦਿੱਤੇ ਜਾਣ ਦਾ ਇੱਕ ਨਤੀਜਾ ਇਹ ਸੀ ਕਿ ਇਸ ਨੇ ਪਾਪ ਨੂੰ ਘੱਟ ਕਰਨ ਦੀ ਬਜਾਇ ਪਾਪ ਨੂੰ ਵਧਾਇਆ ਸੀ। ਇਸ ਦਾ ਕਾਰਨ ਅਧਿਆਇ 7 ਦੀਆਂ ਟਿੱਪਣੀਆਂ ਵਿੱਚ ਸਮਝਾਇਆ ਜਾਵੇਗਾ। AB ਨੇ ਆਪਣੀ ਵਿਸਤ੍ਰਤ ਲਿਖਤ ਵਿੱਚ ਬਹੁਤ ਸਾਰੇ ਕਾਰਨ ਸ਼ਾਮਲ ਕੀਤੇ ਹਨ: "ਪਰ ਫਿਰ, [ਸਿਰਫ] ਦੋਸ਼ ਨੂੰ ਵਧਾਉਣ ਅਤੇ ਫੈਲਾਉਣ ਦੇ ਲਈ ਸ਼ਰਾ ਆ ਗਈ ਜਿਸ ਨੇ [ਦੋਸ਼ ਨੂੰ ਹੋਰ ਵੀ ਸਪੱਸ਼ਟ ਅਤੇ ਰੋਮਾਂਚਕ ਵਿਰੋਧੀ ਬਣਾ ਦਿੱਤਾ]।"

ਪੌਲੁਸ ਦਾ ਵਿਸ਼ਾ ਇਹ ਸੀ ਕਿ ਸ਼ਰਾ ਦੇ ਦਿੱਤੇ ਜਾਣ ਨੇ ਸਥਿਤੀ ਵਿੱਚ ਸੁਧਾਰ ਨਹੀਂ ਲਿਆਂਦਾ, ਪਰ ਇਸਨੂੰ ਹੋਰ ਵੀ ਬਦਤਰ ਬਣਾ ਦਿੱਤਾ ਸੀ। ਮੌਰਿਸ ਨੇ ਲਿਖਿਆ ਹੈ ਕਿ ਸ਼ਰਾ

ਦਾ "ਪਾਪ ਨੂੰ ਰੋਕਣ ਨਾਲ ਕੋਈ ਸੰਬੰਧ ਨਹੀਂ ਸੀ (ਉਸ ਦੇ ਲਈ ਇਸ ਨੂੰ ਬਹੁਤ ਦੇਰ ਹੋ ਗਈ ਸੀ)। ਨਾ ਹੀ ਇਸਦਾ ਸੰਬੰਧ ਮੁਕਤੀ ਦੇ ਨਾਲ ਸੀ (ਉਸ ਦੇ ਲਈ ਇਹ ਬਹੁਤ ਕਮਜ਼ੋਰ ਸੀ)।"[62] ਬਰੂਸ ਨੇ ਟਿੱਪਣੀ ਕੀਤੀ ਕਿ ਮੂਸਾ ਦੀ ਸ਼ਰਾ ਨੂੰ "ਇੱਕ ਅਮਲੀ ਉਦੇਸ਼ ਦੇ ਲਈ ਇੱਕ ਅਸਥਾਈ ਉਪਾਅ ਦੇ ਰੂਪ ਵਿੱਚ ਪੇਸ਼ ਕੀਤਾ ਗਿਆ ਸੀ," ਪਰ ਇਸਦਾ ਮੁਕਤੀ ਦੇ ਇਤਹਾਸ ਵਿੱਚ ਕੋਈ ਸਥਾਈ ਮਹੱਤਵ ਨਹੀਂ ਹੈ।[63]

ਇਹ ਘੋਸ਼ਣਾ ਕਰਨ ਤੋਂ ਬਾਅਦ ਕਿ ਸ਼ਰਾ ਪਾਪ ਨੂੰ ਵਧਾਉਣ ਦਾ ਕਾਰਨ ਬਣੀ ਹੈ, ਪੌਲੁਸ ਪਵਿੱਤਰ ਆਤਮਾ ਦੀ ਅਗਵਾਈ ਦੁਆਰਾ ਇਹ ਯਾਦਗਾਰ ਬਿਆਨ ਦੇਣ ਲਈ ਪ੍ਰੇਰਿਤ ਹੋਇਆ: **ਪਰ ਜਿੱਥੇ ਪਾਪ ਬਾਹਲਾ ਹੋਇਆ ਉੱਥੇ ਹੀ ਕਿਰਪਾ ਅੱਤ ਵਧੀਕ ਹੋਈ।** ਉਸਨੇ ਆਪਣੇ ਵਿਸ਼ੇ ਦੀ ਰਚਨਾ ਦੇ ਲਈ ਵੱਖ ਵੱਖ ਯੂਨਾਨੀ ਸ਼ਬਦਾਂ ਨੂੰ ਵਰਤਿਆ। "ਬਾਹਲਾ" ਸ਼ਬਦ πλεονάζω *(ਪਲੀਓਨਾਜ਼ੋ)* ਤੋਂ ਆਇਆ ਹੈ। "ਅੱਤ ਵਧੀਕ" ਸ਼ਬਦ ὑπερπερισσεύω *(ਹਿਯੂਪਰਪਰੀਸੇਊ)* ਤੋਂ ਆਇਆ ਹੈ, ਜੋ ਅਗੇਤਰ περισσεύω (*ਪੇਰੀਸਸੇਓ*, "ਅੱਤ") ਨੂੰ ਪ੍ਰਚੰਡ ਅਗੇਤਰ ὑπερ *(ਹਿਯੂਪਰ)* ਨਾਲ ਜੋੜਦਾ ਹੈ। ਇਸ ਅਗੇਤਰ ਤੋਂ ਸਾਨੂੰ "hyper (ਵਧੀਕ)" ਸ਼ਬਦ ਮਿਲਦਾ ਹੈ; ਜਿਸ ਦਾ ਲਾਤੀਨੀ ਵਿੱਚ ਸਮਾਨਾਰਥੀ ਸ਼ਬਦ ਹੈ *super* (ਅੱਤ)। ਆਇਤ 20 ਦੇ ਆਖਰੀ ਭਾਗ ਦਾ ਅਨੁਵਾਦ ਇਸ ਤਰ੍ਹਾਂ ਕੀਤਾ ਜਾ ਸਕਦਾ ਹੈ, "ਪਰ ਜਿੱਥੇ ਪਾਪ ਵਧੀਕ ਹੋਇਆ, ਉੱਥੇ ਅੱਤ-ਵਧੀਕ ਹੋਈ।" ਦੂਜੇ ਸ਼ਬਦਾਂ ਵਿੱਚ, ਪਰਮੇਸ਼ੁਰ ਦੀ ਕਿਰਪਾ ਕਿਸੇ ਵੀ ਸਮੱਸਿਆ ਨੂੰ ਜੋ ਪਾਪ ਦੇ ਕਾਰਨ ਪੈਦਾ ਹੋ ਸਕਦੀ ਹੈ ਨਿਪਟਾਉਣ ਦੇ ਲਈ ਕਾਫ਼ੀ ਨਾਲੋਂ ਵੱਧ ਕੇ ਹੈ। Phillips ਨੇ ਇਹ ਵਿਆਖਿਆ ਦਿੱਤੀ ਹੈ: "ਭਾਵੇਂ, ਪਾਪ ਨੂੰ ਚੌੜਾ ਅਤੇ ਗਹਿਰਾ ਵਿਖਾਇਆ ਗਿਆ ਹੈ, ਪਰ ਪਰਮੇਸ਼ੁਰ ਦਾ ਧੰਨਵਾਦ ਹੋਵੇ ਕਿ ਉਸ ਦੀ ਕਿਰਪਾ ਤਾਂ ਵੀ ਵਿਆਪਕ ਅਤੇ ਡੂੰਘੀ ਹੈ!"

**ਆਇਤ 21.** ਆਇਤ 20 ਵਿੱਚ "ਪਾਪ" ਅਤੇ "ਕਿਰਪਾ" ਦਾ ਹਵਾਲਾ ਪੌਲੁਸ ਨੂੰ ਉਸ ਦੇ ਵਿਚਾਰ ਦੀ ਮੁੱਖ ਲੜੀ ਤੇ—ਅਤੇ ਆਦਮ ਦੇ ਕੰਮ ਅਤੇ ਮਸੀਹ ਦੇ ਕੰਮ ਦੀ ਤੀਸਰੀ ਤੁਲਨਾ ਤੇ ਲੈ ਆਇਆ। ਆਇਤ 21 ਸ਼ੁਰੂ ਹੁੰਦੀ ਹੈ, **ਇਸ ਲਈ ਕਿ ਜਿਵੇਂ ਪਾਪ ਨੇ ਮੌਤ ਨਾਲ ਰਾਜ ਕੀਤਾ।** ਅਧਿਆਇ ਵਿੱਚ ਪਹਿਲਾਂ, ਪੌਲੁਸ ਨੇ ਮੌਤ ਨੂੰ ਰਾਜ ਕਰਦੇ ਦਰਸਾਇਆ ਸੀ (5:14, 17)। ਹੁਣ ਉਸ ਨੇ ਤਸਵੀਰ ਨੂੰ ਥੋੜ੍ਹਾ ਬਦਲ ਦਿੱਤਾ ਅਤੇ ਪਾਪ ਨੂੰ ਅੱਤਿਆਚਾਰੀ ਸ਼ਾਸਕ ਦੇ ਰੂਪ ਵਿੱਚ ਪੇਸ਼ ਕੀਤਾ, ਜੋ ਆਪਣੀ ਪਰਜਾ ਨੂੰ ਕਾਬੂ ਵਿੱਚ ਰੱਖਣ ਲਈ ਮੌਤ ਦੇ ਡਰ ਦਾ ਇਸਤੇਮਾਲ ਕਰਦਾ ਹੈ। NCV ਵਿੱਚ ਹੈ "ਪਾਪ ਸਾਡੇ ਤੇ ਰਾਜ ਕਰਨ ਲਈ ਇੱਕ ਸਮੇਂ ਮੌਤ ਨੂੰ ਇਸਤੇਮਾਲ ਕਰਦਾ ਸੀ।"

ਤਾਂ ਵੀ ਇੱਕ ਵਾਰ ਫਿਰ, ਪੌਲੁਸ ਨੇ ਪਾਪ ਉੱਤੇ ਕਿਰਪਾ ਦੀ ਸ੍ਰੇਸ਼ਠਤਾ ਤੇ ਜ਼ੋਰ ਦਿੱਤਾ: **ਤਿਵੇਂ ਕਿਰਪਾ ਭੀ ਯਿਸੂ ਮਸੀਹ ਸਾਡੇ ਪ੍ਰਭੁ ਦੇ ਵਸੀਲੇ ਨਾਲ ਸਦੀਪਕ ਜੀਵਨ ਦੇ ਲਈ ਧਰਮ ਦੇ ਰਾਹੀਂ ਰਾਜ ਕਰੇ।** ਮਨੁੱਖ ਜਾਤੀ ਤੇ ਰਾਜ ਕਰਨ ਦੇ ਲਈ ਪਾਪ ਡਰ ਦਾ ਇਸਤੇਮਾਲ ਕਰਦਾ ਹੈ, ਜਦਕਿ ਕਿਰਪਾ ਪ੍ਰੇਮ ਨੂੰ ਇਸਤੇਮਾਲ ਕਰਦੀ ਹੈ। "ਪੂਰਾ ਪ੍ਰੇਮ ਧੜਕੇ ਨੂੰ ਹਟਾ ਦਿੰਦਾ ਹੈ" (1 ਯੂਹੰਨਾ 4:18)। ਬੇਸ਼ੱਕ, ਇਹ ਸਮਝ ਵਿੱਚ ਆ ਜਾਂਦਾ ਹੈ ਕਿ ਕਿਰਪਾ ਸਿਰਫ ਉਨ੍ਹਾਂ ਦੇ ਦਿਲਾਂ ਵਿੱਚ ਰਾਜ ਕਰਦੀ ਹੈ ਜਿਨ੍ਹਾਂ ਨੇ ਵਿਸ਼ਵਾਸ ਦੇ ਨਾਲ ਪਰਮੇਸ਼ੁਰ ਦੀ ਕਿਰਪਾ ਨੂੰ ਸਵੀਕਾਰ ਕਰ ਲਿਆ ਹੈ। ਇਸ ਪ੍ਰਕਾਰ NIRV ਆਇਤ ਦੇ ਇਸ ਹਿੱਸੇ ਦਾ ਅਨੁਵਾਦ ਕਰਦਾ ਹੈ, "ਇਸ ਪ੍ਰਕਾਰ ਕਿਰਪਾ ਵੀ ਉਨ੍ਹਾਂ ਲੋਕਾਂ ਦੇ ਜੀਵਨਾਂ ਵਿੱਚ ਰਾਜ ਕਰਦੀ ਹੈ ਜੋ ਪਰਮੇਸ਼ੁਰ ਦੇ ਨਾਲ ਸਹੀ ਹਨ।"

ਜਿਵੇਂ ਹੀ ਪੌਲੁਸ ਆਪਣੇ ਵਿਚਾਰ ਦੀ ਲੜੀ ਦੇ ਨਤੀਜੇ ਤੇ ਪਹੁੰਚਿਆ, ਉਹ ਪਰਮੇਸ਼ੁਰ ਦੀ ਕਿਰਪਾ ਦੀ "ਕਿਤੇ ਵਧੀਕ" ਬਖ਼ਸ਼ੀਸ਼ ਵੱਲ ਮੁੜਿਆ: **ਸਾਡੇ ਪ੍ਰਭੂ ਦੇ ਵਸੀਲੇ ਨਾਲ ਸਦੀਪਕ ਜੀਵਨ ਦੇ ਲਈ।** ਅਸਲੀ "ਜੀਵਨ" ਪਰਮੇਸ਼ੁਰ ਦੀ ਹਜ਼ੂਰੀ ਵਿੱਚ ਬਣੇ ਰਹਿਣਾ ਹੈ ਅਤੇ "ਅਨੰਤ ਜੀਵਨ" ਅਨੰਤ ਕਾਲ ਦੇ ਲਈ ਪਰਮੇਸ਼ੁਰ ਦੀ ਹਜ਼ੂਰੀ ਵਿੱਚ ਰਹਿਣਾ ਹੈ (ਵੇਖੋ ਪਰਕਾਸ਼ ਦੀ ਪੋਥੀ 21:22, 23; 22:3-5)। ਇੱਕ ਵਾਰ ਫਿਰ, ਪੌਲੁਸ ਨੇ ਜ਼ੋਰ ਦਿੱਤਾ ਕਿ ਇਹ ਸਿਰਫ "ਯਿਸੂ ਮਸੀਹ ਸਾਡੇ ਪ੍ਰਭੂ ਦੇ ਦੁਆਰਾ" ਹੀ ਸੰਭਵ ਹੈ।

# ਪ੍ਰਾਸੰਗਿਕਤਾ

## ਪ੍ਰਯੋਗ ਧਰਮੀ ਠਹਿਰਾਏ ਜਾਣ ਦੀ ਬਖ਼ਸ਼ੀਸ਼ (5:1-11)

5:1-11 ਦੇ ਦੌਰਾਨ, ਪੌਲੁਸ ਨੇ ਜ਼ੋਰ ਦਿੱਤਾ ਕਿ ਧਰਮੀ ਠਹਿਰਾਇਆ ਜਾਣਾ ਅਨੰਦ ਦਾ ਕਾਰਨ ਬਣਦਾ ਹੈ ਕਿਉਂਕਿ ਇਹ ਭੂਤਕਾਲ, ਵਰਤਮਾਨ ਕਾਲ ਅਤੇ ਭਵਿੱਖਕਾਲ ਦੇ ਲਈ ਬਰਕਤਾਂ ਲਿਆਉਂਦਾ ਹੈ:

ਭੂਤਕਾਲ: ਅਸੀਂ ਪਰਮੇਸ਼ੁਰ ਨਾਲ ਮਿਲਾਏ ਗਏ ਹਾਂ!
ਵਰਤਮਾਨ ਕਾਲ: ਅਸੀਂ ਪਰਮੇਸ਼ੁਰ ਦੀ ਕਿਰਪਾ ਵਿੱਚ ਖਲੋਤੇ ਹਾਂ!
ਭਵਿੱਖਕਾਲ: ਸਾਨੂੰ ਪਰਮੇਸ਼ੁਰ ਦੀ ਮਹਿਮਾ ਦੀ ਆਸ ਹੈ!

ਇਨ੍ਹਾਂ ਮਹਾਨ ਬਰਕਤਾਂ ਨੂੰ ਸਮਝਣ ਨਾਲ ਸਾਡੇ ਦਿਲਾਂ ਵਿੱਚ ਸ਼ਾਂਤੀ ਆਉਣੀ ਚਾਹੀਦੀ ਹੈ।

## ਮਸੀਹ ਵਿੱਚ ਇੱਕ ਨਵਾਂ ਜੀਵਨ (5:1-11)

5:1-11 ਦੀ ਇੱਕ ਪਹੁੰਚ "ਮਸੀਹ ਵਿੱਚ ਇੱਕ ਨਵਾਂ ਜੀਵਨ," ਇਨ੍ਹਾਂ ਭਾਗਾਂ ਦੇ ਨਾਲ ਹੋ ਸਕਦੀ ਹੈ: ਨਵੇਂ ਫਾਇਦੇ (5:1, 2); ਇੱਕ ਨਵਾਂ ਰਵੱਈਆ (5:3-5); ਅਤੇ ਨਵਾਂ ਭਰੋਸਾ (5:5-11)।

## ਸਾਡੇ ਬੱਚਿਆਂ ਨੂੰ ਸਿਖਾਉਣਾ (5:1-8)

ਪੌਲੁਸ 5:1-8 ਦੇ ਭਰੋਸੇ ਨੂੰ ਉਨ੍ਹਾਂ ਲੋਕਾਂ ਦੇ ਨਾਲ ਵੰਡਣਾ ਚਾਹੁੰਦਾ ਸੀ ਜਿਨ੍ਹਾਂ ਨੂੰ ਉਸ ਨੇ ਸਿਖਾਇਆ ਸੀ। ਹਰ ਇੱਕ ਜਿਸ ਨੂੰ ਅਸੀਂ ਸਿਖਾਉਂਦੇ ਹਾਂ ਉਸ ਨੂੰ ਵੀ ਇਸ ਪਾਠ ਦੀਆਂ ਸਚਾਈਆਂ ਨੂੰ ਜਾਨਣ ਦੀ ਲੋੜ ਹੁੰਦੀ ਹੈ। ਖਾਸ ਤੌਰ ਤੇ, ਸਾਨੂੰ ਲੋੜ ਹੈ ਕਿ ਅਸੀਂ ਆਪਣੇ ਬੱਚਿਆਂ ਦੇ ਮਨਾਂ ਵਿੱਚ ਇਨ੍ਹਾਂ ਵਿਚਾਰਾਂ ਨੂੰ ਅੰਕਿਤ ਕਰੀਏ। ਆਓ ਅਸੀਂ ਉਨ੍ਹਾਂ ਤਿੰਨ ਸੱਚਾਈਆਂ ਤੇ ਗੌਰ ਕਰੀਏ ਜੋ ਸਾਨੂੰ ਆਪਣੇ ਬੱਚਿਆਂ ਨੂੰ ਸਿਖਾਉਣ ਦੀ ਲੋੜ ਹੈ।

*ਪਹਿਲਾ, ਸੱਚੀ ਸ਼ਾਂਤੀ ਸੰਘਰਸ਼ ਦੀ ਗੈਰ ਮੌਜੂਦਗੀ ਵਿੱਚ ਨਹੀਂ, ਪਰ ਪ੍ਰਭੂ ਦੀ ਮੌਜੂਦਗੀ ਪਾਈ ਜਾਂਦੀ ਹੈ* (5:1, 2)। "ਸ਼ਾਂਤੀ ਦੀ ਖੋਜ ਵਿਸ਼ਵ-ਪੱਧਰੀ ਮਨੁੱਖੀ ਜਨੂੰਨ ਹੈ,"[64] ਪਰ ਕਈ ਲੋਕ ਸ਼ਾਂਤੀ ਨੂੰ ਸੰਘਰਸ਼ ਦੀ ਗੈਰ ਮੌਜੂਦਗੀ ਸਮਝਦੇ ਹਨ। ਕਈ ਵਾਰ ਸ਼ਾਂਤੀ ਦੀ ਸਥਿਤੀ ਮੌਜੂਦ ਹੋ ਸਕਦੀ ਹੈ, ਪਰ ਇੱਕ ਗੱਲ ਪੱਕੀ ਹੈ: ਇਹ ਛੇਤੀ ਹੀ ਚੂਰ ਚੂਰ ਹੋ ਜਾਵੇਗਾ। ਪਾਪ ਦੇ ਬੀਮਾਰ ਸੰਸਾਰ ਵਿੱਚ, ਗੜਬੜ ਸਿਧਾਂਤ ਹੈ, ਨਾ ਕਿ ਅਪਵਾਦ। ਜੇਕਰ ਸਾਡੇ ਬੱਚੇ ਜੀਵਨ ਦੀਆਂ ਸੱਚਾਈਆਂ ਦੇ ਲਈ ਤਿਆਰ ਹਨ, ਤਾਂ ਉਹ ਇਸ ਗੱਲ ਨੂੰ ਸਮਝ ਲੈਣਗੇ ਕਿ ਸੱਚੀ

ਸ਼ਾਂਤੀ ਸੰਘਰਸ਼ ਦੀ ਗੈਰ ਮੌਜੂਦਗੀ ਵਿੱਚ ਨਹੀਂ ਮਿਲਦੀ ਹੈ, ਸਗੋਂ ਪ੍ਰਭੂ ਦੀ ਮੌਜੂਦਗੀ ਵਿੱਚ ਹੈ।

*ਦੂਸਰਾ, ਅਸੀਂ ਫੈਸਲਾ ਕਰੀਏ ਕਿ ਕੀ ਸਮੱਸਿਆ ਸਾਨੂੰ ਬਿਹਤਰ ਬਣਾਉਂਦੀ ਹੈ ਜਾਂ ਕੌੜਾ* (5:3-5)। ਮੁਸੀਬਤ ਅਟਲ ਹੈ (ਯੂਹੰਨਾ 16:33; ਰਸੂਲਾਂ ਦੇ ਕਰਤੱਬ 14:22; 2 ਤਿਮੋਥਿਉਸ 3:12)। ਕਦੀ ਨਾ ਕਦੀ, ਸਾਡੇ ਬੱਚਿਆਂ ਨੂੰ ਦੁਖਦਾਇਕ ਤਰੀਕੇ ਨਾਲ ਪਰਖਿਆ ਜਾਵੇਗਾ। ਅਸੀਂ ਉਨ੍ਹਾਂ ਨੂੰ ਜੀਵਨ ਦੀਆਂ ਕਠੋਰ ਸੱਚਾਈਆਂ ਦੇ ਲਈ ਕਿਵੇਂ ਤਿਆਰ ਕਰ ਸਕਦੇ ਹਾਂ? ਉਨ੍ਹਾਂ ਉੱਤੇ ਰੋਮੀਆਂ 5:3-5 ਦੀਆਂ ਸੱਚਾਈਆਂ ਦਾ ਪ੍ਰਭਾਵ ਪਾਉਣ ਤੋਂ ਵਧੀਆ ਹੋਰ ਕੋਈ ਤਰੀਕਾ ਨਹੀਂ ਹੈ, ਜੋ ਕਿ ਦੁੱਖਾਂ ਦੇ ਮਹੱਤਵ ਤੇ ਨਵੇਂ ਨੇਮ ਦੇ ਮਹਾਨ ਅੰਸ਼ਾਂ ਵਿੱਚੋਂ ਇੱਕ ਹੈ (ਵੇਖੋ ਯਾਕੂਬ 1:2, 3; 1 ਪਤਰਸ 1:6, 7)। ਸਾਡੇ ਬੱਚਿਆਂ ਨੂੰ ਇਹ ਜਾਨਣ ਦੀ ਲੋੜ ਹੈ ਕਿ ਉਹ ਜੀਵਨ ਵਿੱਚ ਮੁਸੀਬਤ ਦੀ ਉਮੀਦ ਕਰ ਸਕਦੇ ਹਨ ਪਰ, ਜੇਕਰ ਉਹ ਵਿਸ਼ਵਾਸ ਨਾਲ ਪਰੀਖਿਆਵਾਂ ਦਾ ਸਾਹਮਣਾ ਕਰਨ, ਤਾਂ ਉਨ੍ਹਾਂ ਦੀਆਂ ਮੁਸੀਬਤਾਂ ਉਨ੍ਹਾਂ ਨੂੰ ਬੇਹਤਰ ਬਣਾ ਸਕਦੀਆਂ ਹਨ, ਨਾ ਕਿ ਕੌੜਾ!

ਕੁਝ ਸਾਲ ਪਹਿਲਾਂ, ਇੱਕ ਜਵਾਨ ਬ੍ਰਿਟਿਸ਼ ਰਾਜਦੂਤ ਸਾਈਪ੍ਰਸ ਵਿੱਚ ਗਵਰਨਰ ਦੇ ਰੂਪ ਵਿੱਚ ਸੇਵਾ ਕਰ ਰਿਹਾ ਸੀ, ਜਦੋਂ ਉਸ ਨੇ ਆਪਣੇ ਆਪ ਨੂੰ ਇੱਕ ਅਸਥਿਰ ਸਿਆਸੀ ਹਾਲਤ ਵਿੱਚ ਪਾਇਆ। ਉਸ ਦੇ ਚਿੰਤਿਤ ਪਿਤਾ ਨੇ ਉਸ ਨੂੰ ਸਿਰਫ ਛੇ ਸ਼ਬਦਾਂ ਦੀ ਇੱਕ ਤਾਰ ਭੇਜੀ: "ਦੂਸਰਾ ਕੁਰਿੰਥੀਆਂ ਚਾਰ, ਅੱਠ ਅਤੇ ਨੌ।" ਜਵਾਨ ਰਾਜਦੂਤ ਨੇ ਉਸ ਹਵਾਲੇ ਨੂੰ ਵੇਖਿਆ: "ਅਸੀਂ ਸਭ ਪਾਸਿਓਂ ਕਸ਼ਟ ਵਿੱਚ ਹਾਂ ਪਰ ਮਿੱਧੇ ਨਹੀਂ ਗਏ, ਦੁਬਿਧਾ ਵਿੱਚ ਹਾਂ ਪਰ ਹੱਦੋਂ ਵਧ ਨਹੀਂ। ਸਤਾਏ ਜਾਂਦੇ ਹਾਂ ਪਰ ਇਕੱਲੇ ਨਹੀਂ ਛੱਡੇ ਜਾਂਦੇ, ਡੇਗੇ ਜਾਂਦੇ ਹਾਂ ਪਰ ਨਾਸ ਨਹੀਂ ਹੁੰਦੇ" (2 ਕੁਰਿੰਥੀਆਂ 4:8, 9)। ਆਪਣੇ ਪਿਤਾ ਦੇ ਮਨ ਨੂੰ ਰਾਹਤ ਦੇਣ ਦੇ ਲਈ ਜਵਾਨ ਆਦਮੀ ਨੇ ਪੰਜ ਸ਼ਬਦਾਂ ਦੇ ਨਾਲ ਇੱਕ ਕੇਬਲ ਵਾਪਸ ਭੇਜਿਆ: "ਰੋਮੀਆਂ ਪੰਜ, ਤਿੰਨ ਅਤੇ ਚਾਰ।" ਇਹ ਹਵਾਲਾ ਸਾਡੀ ਲਿਖਤ ਦਾ ਇੱਕ ਹਿੱਸਾ ਹੈ: "ਨਿਰਾ ਇਹੋ ਨਹੀਂ ਸਗੋਂ ਬਿਪਤਾਂ ਵਿੱਚ ਵੀ ਅਭਮਾਨ ਕਰੀਏ ਕਿਉਂ ਜੋ ਇਹ ਜਾਣਦੇ ਹਾਂ ਭਈ ਬਿਪਤਾ ਧੀਰਜ ਪੈਦਾ ਕਰਦੀ ਹੈ; ਅਤੇ ਧੀਰਜ ਦ੍ਰਿੜ੍ਹਤਾ ਅਤੇ ਦ੍ਰਿੜ੍ਹਤਾ ਆਸ ਪੈਦਾ ਕਰਦੀ ਹੈ" (5:3, 4)।[65]

*ਤੀਸਰਾ, ਭਾਵੇਂ ਕੁਝ ਵੀ ਹੋਵੇ, ਸਾਨੂੰ ਇਸ ਅਚਰਜ ਸੱਚਾਈ ਨੂੰ ਫੜੀ ਰੱਖਣਾ ਚਾਹੀਦਾ ਹੈ ਕਿ ਪਰਮੇਸ਼ੁਰ ਸਾਨੂੰ ਪਿਆਰ ਕਰਦਾ ਹੈ* (5:5-8)। ਹਰ ਕੋਈ ਪਿਆਰ ਕੀਤਾ ਜਾਣਾ ਚਾਹੁੰਦਾ ਹੈ। ਹਰ ਕੋਈ ਇਸਤਰੀ ਜਾਂ ਪੁਰਖ ਇਹ ਮਹਿਸੂਸ ਕਰਨਾ ਚਾਹੁੰਦਾ ਹੈ ਕਿ ਉਹ ਕਿਸੇ ਲਈ ਮਹੱਤਵਪੂਰਣ ਹੈ। ਇੱਕ "ਕਾਨਾਫੂਸੀ ਟੈਸਟ" ਦੀ ਕਹਾਣੀ ਹੈ, "ਜੋ ਇੱਕ ਅਜਿਹੀ ਇਸਤਰੀ ਦੇ ਦੁਆਰਾ ਲਿਖੀ ਗਈ ਸੀ ਜੋ ਬਚਪਨ ਵਿੱਚ ਅਪਾਹਿਜ ਅਤੇ ਕਰੂਪ ਸੀ। ਇੱਕ ਨੌਜਵਾਨ ਲੜਕੀ ਦੇ ਰੂਪ ਵਿੱਚ ਉਹ ਮਹਿਸੂਸ ਕਰਦੀ ਸੀ ਕਿ ਕਿਸੇ ਦਾ ਵੀ ਉਸਨੂੰ ਪਿਆਰ ਕਰਨਾ ਸੰਭਵ ਨਹੀਂ ਹੈ। ਇੱਕ ਸਾਲ ਦੇ ਦੌਰਾਨ, ਉਸ ਦੇ ਅਧਿਆਪਿਕਾ ਨੇ ਇੱਕ ਸਧਾਰਨ ਸੁਣਵਾਈ ਟੈਸਟ ਦਿੱਤਾ। ਇੱਕ ਵਿਦਿਆਰਥੀ ਦਰਵਾਜ਼ੇ ਤੇ ਖੜਾ ਹੋਵੇਗਾ ਜਦਕਿ ਉਹ ਆਪਣੇ ਡੈਸਕ ਤੇ ਬੈਠ ਕੇ ਕੁੱਝ ਸ਼ਬਦ ਫੁਸਫੁਸਾਏਗੀ। ਫਿਰ ਵਿਦਿਆਰਥੀ ਉਸ ਦੇ ਡੈਸਕ ਤੇ ਆ ਕੇ ਉਸ ਨੂੰ ਦੱਸੇਗਾ ਕਿ ਉਸਨੇ ਕੀ ਫੁਸਫੁਸਾਇਆ ਸੀ। ਜਦੋਂ ਲੜਕੀ ਦੀ ਵਾਰੀ ਆਈ, ਉਹ ਦਰਵਾਜ਼ੇ ਦੇ ਕੋਲ ਖੜੀ ਹੋ ਗਈ ਅਤੇ ਫੁਸਫੁਸਾਏ ਜਾਣ ਦਾ ਇੰਤਜ਼ਾਰ ਕਰਨ ਲੱਗੀ। ਇਹ ਉਹ ਗੱਲ ਹੈ ਜੋ ਅਧਿਆਪਿਕਾ ਨੇ ਕਹੀ: "ਕਾਸ਼ ਤੂੰ ਮੇਰੀ ਛੋਟੀ ਬੇਟੀ ਹੁੰਦੀ।" ਬਾਅਦ ਵਿੱਚ ਉਸ ਇਸਤਰੀ ਨੇ ਲਿਖਿਆ ਕਿ ਉਨ੍ਹਾਂ ਸੱਤਾਂ ਸ਼ਬਦਾਂ ਨੇ ਉਸ ਦੇ ਜੀਵਨ ਨੂੰ ਬਦਲ ਦਿੱਤਾ ਸੀ।[66]

*ਨਿਚੋੜ।* ਅਸੀਂ ਆਪਣੇ ਬੱਚਿਆਂ ਦੇ ਲਈ ਕਿਸ ਕਿਸਮ ਦੀ ਵਿਰਾਸਤ ਛੱਡਾਂਗੇ? ਕੁੱਝ

ਲੋਕ ਆਪਣੇ ਬੱਚਿਆਂ ਦੇ ਲਈ ਪੈਸਾ ਜਾਂ ਸੰਪਤੀ ਛੱਡਣ ਦੀ ਚਿੰਤਾ ਕਰਦੇ ਹਨ। ਬਹੁਤ ਸਾਰੇ ਲੋਕ ਇਸ ਗੱਲ ਤੋਂ ਅਣਜਾਣ ਰਹਿੰਦੇ ਹਨ ਕਿ ਸਭ ਤੋਂ ਮਹੱਤਵਪੂਰਣ ਵਿਰਾਸਤ ਜੋ ਉਹ ਦੇ ਸਕਦੇ ਹਨ ਉਹ "ਵਸਤੂਆਂ" ਨਹੀਂ ਹਨ। ਜਦੋਂ ਮੈਨੂੰ ਇੱਕ ਜਨਾਜ਼ੇ ਤੇ ਪ੍ਰਚਾਰ ਕਰਨ ਦੇ ਲਈ ਕਿਹਾ ਜਾਂਦਾ ਹੈ, ਤਾਂ ਮੈਂ ਸਭਾ ਤੋਂ ਪਹਿਲਾਂ ਪਰਿਵਾਰ ਨੂੰ ਮਿਲਣਾ ਚਾਹੁੰਦਾ ਹਾਂ। ਮੈਂ ਮਰਨ ਵਾਲੇ ਦੇ ਬੱਚਿਆਂ ਤੋਂ ਪੁੱਛਦਾ ਹਾਂ, "ਤੁਸੀਂ ਇੱਕ ਸ਼ਬਦ ਵਿੱਚ ਆਪਣੀ ਮਾਤਾ ਜੀ [ਜਾਂ ਪਿਤਾ ਜੀ] ਦਾ ਵਰਣਨ ਕਿਵੇਂ ਕਰੋਗੇ?" ਮੈਂ ਅਕਸਰ ਸ਼ਬਦ "ਈਮਾਨਦਾਰ," "ਧੀਰਜਵਾਨ," ਅਤੇ "ਪਿਆਰ ਕਰਨ ਵਾਲੇ" ਸੁਣਦਾ ਹਾਂ। ਮੈਂ ਕਦੀ ਵੀ ਨਹੀਂ ਸੁਣਿਆ ਕਿ ਇੱਕ ਪੁੱਤਰ ਜਾਂ ਧੀ "ਅਮੀਰ" ਜਾਂ "ਕਾਮਯਾਬ" ਵਰਗੇ ਸ਼ਬਦ ਇਸਤੇਮਾਲ ਕਰਦੇ ਹੋਣ। ਅਸਲ ਵਿੱਚ, ਸਭ ਤੋਂ ਕੀਮਤੀ ਵਿਰਾਸਤ ਜੋ ਅਸੀਂ ਆਪਣੇ ਬੱਚਿਆਂ ਦੇ ਲਈ ਛੱਡ ਸਕਦੇ ਹਾਂ ਉਹ ਰੋਮੀਆਂ 5:1-8 ਵਿੱਚ ਪਾਈਆਂ ਜਾਣ ਵਾਲੀਆਂ ਤਿੰਨਾਂ ਸੱਚਾਈਆਂ ਦਾ ਸੱਚਾ ਗਿਆਨ ਹੈ।

### ਵਿਸ਼ਵਾਸ, ਆਸ, ਅਤੇ ਪ੍ਰੇਮ (5:1-8)

ਆਪਣੀਆਂ ਪੱਤ੍ਰੀਆਂ ਵਿੱਚ, ਪੌਲੁਸ ਨੇ ਅਕਸਰ ਤਿੰਨ ਮਹਾਨ ਵਿਸ਼ਿਆਂ ਵਿਸ਼ਵਾਸ, ਆਸ, ਅਤੇ ਪ੍ਰੇਮ ਨੂੰ ਜੋੜਿਆ ਹੈ (1 ਕੁਰਿੰਥੀਆਂ 13:13; ਗਲਾਤੀਆਂ 5:5, 6; ਕੁਲੁੱਸੀਆਂ 1:4; 1 ਥੱਸਲੁਨੀਕੀਆਂ 1:3)। ਰੋਮੀਆਂ 5:1-8 ਵਿੱਚ ਵੀ ਉਸ ਨੇ ਇਸ ਤ੍ਰਿਏਕ ਨੂੰ ਪੇਸ਼ ਕੀਤਾ ਹੈ। ਰਸੂਲ "ਵਿਸ਼ਵਾਸ" (5:1) ਤੋਂ "ਆਸ" (5:2, 4, 5) ਤੋਂ "ਪ੍ਰੇਮ" (5:5, 8) ਵੱਲ ਆਇਆ।

### ਆਸ (5:2)

ਇੱਕ ਵਾਰ ਇੱਕ ਜਵਾਨ ਮੁੰਡਾ ਇੱਕ ਹਸਪਤਾਲ ਦੇ ਜਲਣ ਕੇਂਦਰ ਵਿੱਚ ਸੀ। ਉਸ ਨੂੰ ਆਪਣੇ ਸਰੀਰ ਦੇ ਜ਼ਿਆਦਾਤਰ ਹਿੱਸੇ ਤੇ ਤੀਜੇ ਦਰਜੇ ਤੱਕ ਸੜ ਜਾਣ ਦਾ ਸਾਹਮਣਾ ਕਰਨਾ ਪਿਆ ਸੀ। ਉਹ ਉਸ ਦਿਨ ਤੱਕ ਬਹੁਤ ਹੀ ਘੱਟ ਠੀਕ ਹੋ ਸਕਿਆ ਸੀ ਜਦੋਂ ਤੱਕ ਇੱਕ ਦਿਨ ਉਸ ਦਾ ਅਧਿਆਪਕ ਨੇ ਉਸ ਦੇ ਕਮਰੇ ਵਿੱਚ ਆ ਕੇ ਕਿਹਾ ਸੀ, "ਮੈਨੂੰ ਇਸ ਲਈ ਭੇਜਿਆ ਗਿਆ ਹੈ ਕਿ ਤੂੰ ਆਪਣੇ ਸਕੂਲ ਦੇ ਕੰਮ ਵਿੱਚ ਬਹੁਤ ਪਿੱਛੇ ਨਾ ਰਹਿ ਜਾਵੇਂ।" ਉਸੇ ਵੇਲੇ ਮੁੰਡੇ ਦੀ ਹਾਲਤ ਵਿੱਚ ਸੁਧਾਰ ਆਉਣਾ ਸ਼ੁਰੂ ਹੋ ਗਿਆ। ਉਸਨੇ ਕਿਹਾ, "ਜੇਕਰ ਮੈਂ ਮਰਨ ਵਾਲਾ ਹੁੰਦਾ ਤਾਂ ਉਨ੍ਹਾਂ ਨੇ ਅਧਿਆਪਕ ਜੀ ਨੂੰ ਨਹੀਂ ਭੇਜਣਾ ਸੀ।"[67] ਆਖਰ ਵਿੱਚ ਉਸ ਦੇ ਕੋਲ ਆਸ ਸੀ!

### ਮੁਕਤੀ: ਅਤੀਤ, ਵਰਤਮਾਨ ਅਤੇ ਭਵਿੱਖ (5:6-11)

ਅਸੀਂ ਅਕਸਰ ਸ਼ਬਦ "ਬਚਾਏ ਗਏ" ਨੂੰ ਆਪਣੇ ਮਸੀਹੀ ਹੋਣ ਦੇ ਵੇਲੇ ਪੁਰਾਣੇ ਸਮੇਂ ਦੇ ਪਾਪਾਂ ਤੋਂ ਮੁਕਤੀ ਪ੍ਰਾਪਤ ਕਰਨ ਨੂੰ ਦਰਸਾਉਣ ਦੇ ਲਈ ਵਰਤਦੇ ਹਾਂ (ਮਰਕੁਸ 16:16; ਵੇਖੋ ਰੋਮੀਆਂ 10:9)। ਅਸੀਂ ਕਈ ਵਾਰ ਇਸ ਸ਼ਬਦ ਨੂੰ ਅਨੰਤ ਕਾਲ ਤੱਕ ਦੇ ਲਈ ਬਚਾਏ ਜਾਣ ਦੀ ਆਸ ਦੇ ਲਈ ਵਰਤਦੇ ਹਾਂ (1 ਕੁਰਿੰਥੀਆਂ 5:5; ਵੇਖੋ ਰੋਮੀਆਂ 13:11)। ਇਸ ਦਾ ਇੱਕ ਹੋਰ ਅਰਥ ਵੀ ਹੈ ਜਿਸ ਵਿੱਚ ਅਸੀਂ ਦਿਨ ਪ੍ਰਤਿ ਦਿਨ ਬਚਾਏ ਜਾ ਰਹੇ ਹਾਂ (1 ਕੁਰਿੰਥੀਆਂ 1:18; 2 ਕੁਰਿੰਥੀਆਂ 2:15)। ਸ਼ਬਦ "ਮੁਕਤੀ" ਦੇ ਇਨ੍ਹਾਂ ਤਿੰਨਾਂ ਇਸਤੇਮਾਲਾਂ ਨੂੰ ਇਸ ਪ੍ਰਕਾਰ ਸੰਖੇਪ ਕੀਤਾ ਜਾ ਸਕਦਾ ਹੈ:

ਅਤੀਤ ਵਿੱਚ ਮੁਕਤੀ: ਪਾਪ ਦੀ ਸਜ਼ਾ ਤੋਂ ਮੁਕਤੀ।
ਵਰਤਮਾਨ ਵਿੱਚ ਮੁਕਤੀ: ਪਾਪ ਦੇ ਵਿਹਾਰ ਤੋਂ ਮੁਕਤੀ।
ਭਵਿੱਖ ਵਿੱਚ ਮੁਕਤੀ: ਪਾਪ ਦੀ ਮੌਜੂਦਗੀ ਤੋਂ ਮੁਕਤੀ (ਸਵਰਗ ਵਿੱਚ)।

5:1-5 ਵਿੱਚ, ਪੌਲੁਸ ਨੇ ਵਿਸ਼ਵਾਸ ਦੇ ਦੁਆਰਾ ਧਰਮੀ ਠਹਿਰਾਏ ਜਾਣ ਦੀਆਂ ਅਤੀਤ (ਭੂਤਕਾਲ), ਵਰਤਮਾਨ ਕਾਲ ਅਤੇ ਭਵਿੱਖਕਾਲ ਦੀਆਂ ਬਰਕਤਾਂ ਬਾਰੇ ਗੱਲ ਕੀਤੀ। ਭੂਤਕਾਲ ਦੇ ਸੰਬੰਧ ਵਿੱਚ, ਸਾਡਾ ਪਰਮੇਸ਼ੁਰ ਦੇ ਨਾਲ ਮੇਲ-ਮਿਲਾਪ ਹੋਇਆ ਹੈ (5:1)। ਵਰਤਮਾਨ ਦੇ ਸੰਬੰਧ ਵਿੱਚ, ਅਸੀਂ ਉਸ ਦੀ ਕਿਰਪਾ ਵਿੱਚ ਖੜ੍ਹੇ ਹਾਂ (5:2)। ਭਵਿੱਖ ਦੇ ਸੰਬੰਧ ਵਿੱਚ, ਸਾਨੂੰ ਉਸ ਦੀ ਮਹਿਮਾ ਦੀ ਆਸ ਹੈ (5:2)। 5:6-11 ਵਿੱਚ, ਪੌਲੁਸ ਦੁਬਾਰਾ ਭੂਤਕਾਲ, ਵਰਤਮਾਨ ਕਾਲ, ਅਤੇ ਭਵਿੱਖਕਾਲ ਦਾ ਜ਼ਿਕਰ ਕੀਤਾ।

*ਅਤੀਤ ਵਿੱਚ ਮੁਕਤੀ* (5:6-11)। ਅਤੀਤ ਵਿੱਚ ਮੁਕਤੀ ਉੱਤੇ ਸਾਡੇ ਪਾਠ ਵਿੱਚ ਪ੍ਰਮੁੱਖ ਤੌਰ ਤੇ ਜ਼ੋਰ ਦਿੱਤਾ ਗਿਆ ਹੈ। ਅਸੀਂ ਪਾਪ ਦੇ ਬੋਝ ਦੇ ਨਾਲ ਹੇਠਾਂ ਦੱਬੇ ਹੋਏ ਸਾਂ (ਵੇਖੋ 3:23; 6:23), ਪਰ ਅਸੀਂ ਧਰਮੀ ਠਹਿਰਾਏ ਗਏ ਹਾਂ (5:9) ਅਤੇ ਪਰਮੇਸ਼ੁਰ ਦੇ ਨਾਲ ਮਿਲਾਏ ਗਏ ਹਾਂ 5:10, 11)। ਇਹ ਮੁਕਤੀ ਯਿਸੂ ਦੇ ਦੁਆਰਾ ਆਉਂਦੀ ਹੈ (5:11)। ਖਾਸ ਤੌਰ ਤੇ, ਇਹ ਉਸ ਦੇ ਲਹੂ ਦੇ ਦੁਆਰਾ ਹੋਇਆ ਹੈ (5:9), ਉਸਦੀ ਮੌਤ ਤੇ ਖ਼ੂਨ ਵਹਾਇਆ ਗਿਆ (5:10)। ਜਦੋਂ ਅਸੀਂ ਉਸਦੀ "ਮੌਤ ਦਾ ਬਪਤਿਸਮਾ ਲਿਆ ਸੀ" ਤਾਂ ਅਸੀਂ ਉਸ ਬਚਾਉਣ ਵਾਲੇ ਲਹੂ ਦੇ ਨਾਲ ਮਿਲਾਏ ਗਏ ਸਾਂ (6:3, 4)।

*ਵਰਤਮਾਨ ਵਿੱਚ ਮੁਕਤੀ* (5:9, 10)। ਸਾਨੂੰ ਸਾਨੂੰ ਸਿਰਫ ਪੁਰਾਣੇ ਸਮੇਂ ਦੇ ਪਾਪਾਂ ਤੋਂ ਹੀ ਬਚਣ ਦੀ ਜ਼ਰੂਰਤ ਨਹੀਂ ਹੈ, ਪਰ ਸਾਨੂੰ ਦਿਨ ਪ੍ਰਤਿ ਦਿਨ ਆਤਮਿਕ ਮਦਦ ਦੀ ਲੋੜ ਵੀ ਹੈ। ਅਸੀਂ ਲਗਾਤਾਰ ਪਾਪ ਕਰਦੇ ਹਾਂ। ਅਸੀਂ ਅਕਸਰ ਪਰਿਖਿਆਵਾਂ ਅਤੇ ਅਜ਼ਮਾਈਸ਼ਾਂ ਦੇ ਨਾਲ ਭਰੇ ਰਹਿੰਦੇ ਹਾਂ। ਅਸੀਂ ਹੁਣ ਵੀ ਜੀਵਨ ਦੀਆਂ ਚੁਣੌਤੀਆਂ ਦੇ ਨਾਲ ਸੰਘਰਸ਼ ਕਰਦੇ ਹਾਂ (ਮੱਤੀ 13:22; 1 ਪਤਰਸ 4:12; 1 ਯੂਹੰਨਾ 1:9)। ਆਪਣੇ ਪਾਠ ਵਿੱਚ ਅਸੀਂ ਦੋ ਵਾਰ ਵਾਕ "ਬਹੁਤ ਵਧ ਕੇ" (5:9, 10)। ਪਰਮੇਸ਼ੁਰ ਸਾਨੂੰ ਸਾਡੇ ਪਿਛਲੇ ਪਾਪਾਂ ਦੇ ਦੋਸ਼ ਤੋਂ ਬਚਾਉਣ ਦੇ ਲਈ "ਬਹੁਤ ਵਧ ਕੇ" ਕਰਦਾ ਹੈ; ਉਹ ਲਗਾਤਾਰ ਹਰ ਦਿਨ ਸਾਡੀ ਮਦਦ ਕਰਦਾ ਹੈ (ਇਬਰਾਨੀਆਂ 13:5, 6)। ਸਪੱਸ਼ਟ ਹੈ ਕਿ ਪਤਰਸ ਦੇ ਮਨ ਵਿੱਚ "ਵਰਤਮਾਨ ਮੁਕਤੀ" ਸੀ ਜਦੋਂ ਉਸਨੇ ਕਿਹਾ, "ਕਿਉਂਕਿ ਜਦੋਂ ਅਸੀਂ ਵੈਰੀ ਹੋ ਕੇ ਪਰਮੇਸ਼ੁਰ ਨਾਲ ਉਹ ਦੇ ਪੁੱਤ੍ਰ ਦੀ ਮੌਤ ਦੇ ਵਸੀਲੇ ਮਿਲਾਏ ਗਏ ਤਾਂ ਮਿਲਾਏ ਜਾ ਕੇ ਅਸੀਂ ਇਸ ਨਾਲੋਂ ਬਹੁਤ ਵਧ ਕੇ ਉਹ ਦੇ ਜੀਵਨ ਦੇ ਦੁਆਰਾ ਬਚ ਜਾਵਾਂਗੇ" (5:10)।

*ਭਵਿੱਖ ਵਿੱਚ ਮੁਕਤੀ* (5:9)। ਪਾਠ ਅਤੀਤ ਅਤੇ ਵਰਤਮਾਨ ਕਾਲ ਦੀ ਮੁਕਤੀ ਦੇ ਬਾਰੇ ਗੱਲ ਕਰਦਾ ਹੈ; ਇਹ ਭਵਿੱਖ ਦੀ ਮੁਕਤੀ ਦੀ ਵੀ ਗੱਲ ਕਰਦਾ ਹੈ। ਆਇਤ 9 ਵਿੱਚ, ਅਸੀਂ ਪੜ੍ਹਦੇ ਹਾਂ, "ਸੋ ਜਦੋਂ ਅਸੀਂ ਹੁਣ ਉਹ ਦੇ ਲਹੂ ਦੇ ਨਾਲ ਧਰਮੀ ਠਹਿਰਾਏ ਗਏ ਤਾਂ ਇਸ ਨਾਲੋਂ ਬਹੁਤ ਵਧ ਕੇ ਅਸੀਂ ਉਹ ਦੇ ਰਾਹੀਂ ਉਸ ਕ੍ਰੋਧ ਤੋਂ ਬਚ ਜਾਵਾਂਗੇ।" ਕਿਉਂਕਿ "ਬਚ ਜਾਵਾਂਗੇ" ਭਵਿੱਖ ਕਾਲ ਵਿੱਚ ਹੈ, ਜ਼ਿਆਦਾਤਰ ਲੋਕ ਇਸ ਗੱਲ ਦੇ ਨਾਲ ਸਹਿਮਤ ਹਨ ਕਿ ਇਸ ਆਇਤ ਵਿੱਚ "ਉਸ ਕ੍ਰੋਧ ਤੋਂ" ਵਿੱਚ ਕ੍ਰੋਧ ਪਰਮੇਸ਼ੁਰ ਦਾ ਅਧਰਮੀ ਲੋਕਾਂ ਦੇ ਵਿਰੁੱਧ ਨਿਆਂ ਦੇ ਦਿਨ ਦਾ ਕ੍ਰੋਧ ਹੈ। ਆਇਤ 9 ਪਰਮੇਸ਼ੁਰ ਦੀ ਕਿਰਪਾ ਦੇ ਦੋ ਪੱਖਾਂ ਦਾ ਵਰਣਨ ਕਰਦੀ ਹੈ। ਆਪਣੀ ਕਿਰਪਾ ਦੇ ਕਾਰਨ, ਉਹ ਸਾਨੂੰ ਉਹ ਦਿੰਦਾ ਹੈ ਜਿਸਦੇ ਯੋਗ ਅਸੀਂ ਨਹੀਂ ਹਾਂ: ਧਾਰਮਿਕਤਾ।

ਉਸ ਦੀ ਦਯਾ ਦੇ ਕਾਰਨ, ਉਹ ਸਾਨੂੰ ਉਹ ਨਹੀਂ ਦਿੰਦਾ ਹੈ ਜਿਸਦੇ ਅਸੀਂ ਯੋਗ ਹਾਂ: ਕ੍ਰੋਧ।

*ਨਿਚੋੜ।* ਜਦੋਂ ਅਸੀਂ ਇਨ੍ਹਾਂ ਸਚਾਈਆਂ ਤੇ ਵਿਚਾਰ ਕਰਦੇ ਹਾਂ, ਤਾਂ ਸਾਨੂੰ ਆਪਣੇ ਆਪ ਨੂੰ ਕੁੱਝ ਮਹੱਤਵਪੂਰਣ ਪ੍ਰਸ਼ਨ ਜ਼ਰੂਰ ਪੁੱਛਣੇ ਚਾਹੀਦੇ ਹਨ। ਕੀ ਅਸੀਂ ਆਪਣੇ ਪਾਪਾਂ ਦੇ ਧੋਤੇ ਜਾਣ ਦੇ ਸਮੇਂ ਭੂਤਕਾਲ ਦੀ ਮੁਕਤੀ ਦਾ ਅਨੁਭਵ ਕੀਤਾ ਹੈ (ਰਸੂਲਾਂ ਦੇ ਕਰਤੱਬ 22:16)? ਕੀ ਪਰਮੇਸ਼ੁਰ ਦੇ ਵਚਨ ਦੀ ਰੌਸ਼ਨੀ ਵਿੱਚ ਚੱਲਦੇ ਹੋਏ ਅਤੇ ਮਸੀਹ ਦੇ ਲਹੂ ਦੇ ਨਿਰੰਤਰ ਸਾਡੀਆਂ ਰੂਹਾਂ ਨੂੰ ਸਾਫ ਕਰਨ ਦੇ ਕਾਰਨ, ਅਸੀਂ ਆਪਣੀ ਵਰਤਮਾਨ ਮੁਕਤੀ ਦਾ ਅਨੰਦ ਮਨਾ ਰਹੇ ਹਾਂ (1 ਯੂਹੰਨਾ 1:7, 9)? ਜੇਕਰ ਅਜਿਹਾ ਹੈ, ਤਾਂ ਅਸੀਂ ਭਵਿੱਖ ਦੀ ਮੁਕਤੀ ਦੀ ਆਸ ਵਿੱਚ ਜੀ ਸਕਦੇ ਹਾਂ, ਜਦੋਂ ਅਸੀਂ ਲੇਲੇ ਦੇ ਲਹੂ ਦੇ ਦੁਆਰਾ ਚਿੱਟੇ ਕੀਤੇ ਗਏ ਲਿਬਾਸ ਪਹਿਨ ਕੇ ਪਰਮੇਸ਼ੁਰ ਦੇ ਸਿੰਘਾਸਣ ਦੇ ਆਲੇ-ਦੁਆਲੇ ਇੱਕਠੇ ਹੋਵਾਂਗੇ (ਪਰਕਾਸ਼ ਦੀ ਪੋਥੀ 7:14)।

### ਮਸੀਹ ਕੁਧਰਮੀਆਂ ਦੇ ਲਈ ਮੋਇਆ (5:6)

ਚਾਰਲਸ ਐੱਚ. ਸਪਰਜਨ ਨੇ ਇੱਕ ਵਾਰ ਕਿਹਾ,

> ਇਸ ਨੂੰ ਉੱਚੀ ਅਵਾਜ਼ ਨਾਲ ਪੁਕਾਰ ਕੇ ਕਹੋ, ਜਾਂ ਫੁਸਫੁਸਾਓ; ਇਸਨੂੰ ਵੱਡੇ ਵੱਡੇ ਅੱਖਰਾਂ ਵਿੱਚ ਛਾਪੋ, ਜਾਂ ਬਹੁਤ ਵਾਰ ਲਿਖੋ। ਇਸਨੂੰ ਸੱਚਾਈ ਨਾਲ ਬੋਲੋ; ਇਹ ਠੱਠਿਆਂ ਵਿੱਚ ਉਡਾਉਣ ਵਾਲੀ ਗੱਲ ਨਹੀਂ ਹੈ। ਇਸਨੂੰ ਅਨੰਦ ਦੇ ਨਾਲ ਬੋਲੋ; ਇਹ ਦੁੱਖ ਦਾ ਵਿਸ਼ਾ ਨਹੀਂ ਹੈ। ਇਸਨੂੰ ਦ੍ਰਿੜ੍ਹਤਾ ਨਾਲ ਬੋਲੋ; ਇਹ ਇੱਕ ਨਿਰਵਿਵਾਦ ਤੱਥ ਹੈ। ਇਸਨੂੰ ਗੰਭੀਰਤਾ ਨਾਲ ਬੋਲੋ; ਕਿਉਂਕਿ ਜੇਕਰ ਇੱਕ ਮਨੁੱਖ ਦੀ ਰੂਹ ਨੂੰਜਗਾਉਣ ਦੇ ਲਈ ਕੋਈ ਸੱਚ ਹੈ ਤਾਂ ਉਹ ਇਹੋ ਹੀ ਹੈ। ਇਸਨੂੰ ਉੱਥੇ ਬੋਲੋ ਜਿੱਥੇ ਅਧਰਮੀ ਲੋਕ ਰਹਿੰਦੇ ਹਨ; ਅਤੇ ਉਹ ਤੁਹਾਡਾ ਆਪਣਾ ਘਰ ਹੀ ਹੈ। ਇਸਨੂੰ ਲੁੱਚਪੁਣੇ ਦੇ ਅੱਡਿਆਂ ਵਿੱਚ ਬੋਲੋ। ਇਸਨੂੰ [ਜੇਲ੍ਹ] ਵਿੱਚ ਬੋਲੋ; ਅਤੇ ਮੌਤ ਦੇ ਬਿਸਤਰ ਤੇ ਬੈਠੇ ਅਤੇ ਇਸਨੂੰ ਬੜੇ ਪ੍ਰੇਮ ਨਾਲ ਫੁਸਫੁਸਾਓ—"ਮਸੀਹ ਕੁਧਰਮੀਆਂ ਦੇ ਲਈ ਮੋਇਆ।"[68]

ਸਾਡੇ ਲਈ ਇਸ ਪ੍ਰਕਾਰ ਦੇ ਪ੍ਰੇਮ ਨੂੰ ਸਮਝ ਸਕਣਾ ਮੁਸ਼ਕਲ ਹੈ। ਜੇਕਰ ਤੁਸੀਂ ਮੈਨੂੰ ਪੁੱਛਿਆ ਹੋਵੇ, "ਕੀ ਤੁਸੀਂ ਆਪਣੀ ਪਤਨੀ ਨਾਲ ਪਿਆਰ ਕਰਦੇ ਹੋ?" ਮੇਰਾ ਜਵਾਬ ਹੋਵੇਗਾ, "ਯਕੀਨਨ, ਮੈਂ ਉਸਨੂੰ ਪਿਆਰ ਕਰਦਾ ਹਾਂ। ਉਹ ਦਿਆਲੂ ਅਤੇ ਸੁੰਦਰ ਹੈ। ਉਸਦੀ ਮੁਸਕੁਰਾਹਟ ਬਹੁਤ ਸੁੰਦਰ ਹੈ। ਉਹ ਮੈਨੂੰ ਪਿਆਰ ਕਰਦੀ ਹੈ ਅਤੇ ਹਰ ਰੋਜ਼ ਮੇਰੇ ਲਈ ਤਿਆਗ ਕਰਦੀ ਹੈ। ਜੇਕਰ ਮੈਂ ਇਸ ਪ੍ਰਕਾਰ ਦੇ ਉੱਤਰ ਦਿੱਤੇ ਹੋਣ, ਤਾਂ ਤੁਸੀਂ ਸਮਝ ਜਾਓਗੇ ਕਿ ਮੈਂ ਆਪਣੀ ਪਤਨੀ ਦੇ ਨਾਲ ਕਿਉਂ ਪਿਆਰ ਕਰਦਾ ਹਾਂ। ਪਰ, ਜੇਕਰ ਮੈਂ ਕਹਾਂ, "ਯਕੀਨਨ, ਮੈਂ ਆਪਣੀ ਪਤਨੀ ਨੂੰ ਪਿਆਰ ਕਰਦਾ ਹਾਂ। ਉਹ ਨਿਰਦਈ ਅਤੇ ਬਦਸੂਰਤ ਹੈ ਅਤੇ ਮੈਨੂੰ ਠੇਸ ਪਹੁੰਚਾਉਣ ਦੇ ਲਈ ਸਭ ਕੁੱਝ ਕਰਦੀ ਹੈ। ਉਹ ਮੈਨੂੰ ਨਫ਼ਰਤ ਕਰਦੀ ਹੈ"? ਤੁਹਾਡੇ ਲਈ ਇਹ ਸਮਝ ਸਕਣਾ ਬਹੁਤ ਮੁਸ਼ਕਲ ਹੋਵੇਗਾ ਕਿ ਫਿਰ ਮੈਂ ਕਿਉਂ ਉਸਨੂੰ ਪਿਆਰ ਕਰਦਾ ਹਾਂ, ਹੈ ਕਿ ਨਹੀਂ? ਫਿਰ ਇਹ ਕਿੰਨਾ ਅਦਭੁੱਤ ਹੈ, ਕਿ ਪਰਮੇਸ਼ੁਰ ਨੇ ਸਾਡੇ ਨਾਲ ਉਸ ਸਮੇਂ ਪਿਆਰ ਕੀਤਾ ਜਦੋਂ ਅਸੀਂ ਅਧਰਮੀ ਪਾਪੀ, ਉਸ ਦੇ ਵੈਰੀ ਸਾਂ!

ਮੈਂ ਆਪਣੇ ਆਪ ਤੋਂ ਪੁੱਛਿਆ ਕਿ ਜੇਕਰ ਮੈਨੂੰ ਯਿਸੂ ਦੀ ਸਥਿਤੀ ਵਿੱਚ ਪਾ ਦਿੱਤਾ ਗਿਆ ਹੁੰਦਾ ਤਾਂ ਮੇਰੀ ਪ੍ਰਤਿਕਿਰਿਆ ਕੀ ਹੁੰਦੀ। ਮੈਂ ਕਲਪਨਾ ਕੀਤੀ ਅਡੋਲਫ ਹਿਟਲਰ ਮੇਰੇ ਸਾਹਮਣੇ ਖੜ੍ਹਾ ਹੈ-ਨਾਜ਼ੀ ਪ੍ਰਧਾਨ ਜੋ ਸਰਵਨਾਸ਼ ਲਈ ਜ਼ਿੰਮੇਵਾਰ ਸੀ, ਸੱਠ ਲੱਖ ਯਹੂਦੀਆਂ ਅਤੇ ਹੋਰਨਾਂ

ਜਾਤੀ ਸਮੂਹਾਂ ਨੂੰ ਕਤਲ ਕਰਨ ਵਾਲਾ। ਜੇਕਰ ਮੈਨੂੰ ਚੋਣ ਦਿੱਤੀ ਗਈ ਹੁੰਦੀ ਕਿ ਮੈਂ ਖੁਦ ਮਰ ਜਾਵਾਂ ਜਾਂ ਹਿਟਲਰ ਨੂੰ ਮਰਨ ਦੇਵਾਂ? ਮੇਰੇ ਲਈ ਚੋਣ ਕਰਨਾ ਸੌਖਾ ਹੁੰਦਾ; ਮੈਂ ਜ਼ਿੰਦਾ ਰਹਿਣ ਲਈ ਚੁਣ ਲੈਂਦਾ। ਪਰ, ਜਦੋਂ ਯਿਸੂ ਨੂੰ ਉਸੇ ਨਾਲ ਮੇਲ ਖਾਂਦੀ ਚੋਣ ਦਿੱਤੀ ਗਈ, ਤਾਂ ਉਸਨੂੰ ਮਰਨਾ ਚੁਣ ਲਿਆ (ਵੇਖੋ ਯੂਹੰਨਾ 10:18; ਫਿਲਿੱਪੀਆਂ 2:5-8)!

### ਮਸੀਹ ਸਾਡੇ ਲਈ ਮੋਇਆ (5:8)

ਅਫਰੀਕਾ ਵਿੱਚ ਇੱਕ ਬਦਲ ਚੁੱਕੇ ਮਨੁੱਖ ਨੇ ਇੱਕ ਮਿਸ਼ਨਰੀ ਨੂੰ ਦੱਸਿਆ, "ਜਦੋਂ ਮਸੀਹ ਦੀ ਮੌਤ ਦੀ ਕਹਾਣੀ ਮੇਰੇ ਲਈ ਪੜ੍ਹੀ ਗਈ, ਤਾਂ ਮੈਂ ਯਹੂਦਾਹ ਅਤੇ ਪਿਲਾਤੁਸ, ਯਹੂਦੀਆਂ ਅਤੇ ਸਿਪਾਹੀਆਂ ਨੂੰ ਕੋਸਿਆ। ਪਰ ਜਦੋਂ ਮੈਂ ਸਮਝ ਗਿਆ ਕਿ ਮਸੀਹ ਕਿਉਂ ਮਰਿਆ, ਤਾਂ ਮੈਂ *ਆਪਣੇ ਆਪ* ਨੂੰ ਕੋਸਿਆ—ਕਿਉਂਕਿ ਇਹ *ਮੇਰੇ* ਪਾਪ ਸਨ ਜਿਨ੍ਹਾਂ ਨੇ ਉਸਨੂੰ ਸਲੀਬ ਤੇ ਚੜ੍ਹਾਇਆ ਸੀ।"[69]

### ਇੱਕ ਮਨੁੱਖ ਦੇ ਵਸੀਲੇ (5:12-21)

ਜੇਕਰ ਸਾਡੀ ਰੋਮੀਆਂ ਦੀ ਯਾਤਰਾ ਦੇ ਇਸ ਹਿੱਸੇ ਵਿੱਚ ਇੱਕ ਮਾਰਗ ਚਿੰਨ੍ਹ ਵਾਲਾ ਨਿਸ਼ਾਨ ਹੋਵੇ, ਤਾਂ ਇਸ ਨੂੰ ਇਸ ਤਰ੍ਹਾਂ ਪੜ੍ਹਿਆ ਜਾ ਸਕਦਾ ਹੈ "ਖਤਰਨਾਕ ਸਥਿਤੀਆਂ! ਆਪਣੀ ਜ਼ਿੰਮੇਵਾਰੀ ਤੇ ਅੱਗੇ ਵਧੋ!" ਇਹ ਹਵਾਲੇ ਦੁਆਰਾ ਸਾਡਾ ਮਾਰਗ ਅਸਾਨ ਨਹੀਂ ਰਿਹਾ ਹੈ।

*ਇਹ ਹਵਾਲਾ ਕੀ ਨਹੀਂ ਸਿਖਾਉਂਦਾ।* ਰੋਮੀਆਂ 5:12-21 ਅਜਿਹੇ ਹਵਾਲਿਆਂ ਵਿੱਚੋਂ ਇੱਕ ਹੈ ਜਿਸ ਵਿੱਚ ਅਸੀਂ ਇਹ ਕਿਹੜੀ ਸਿੱਖਿਆ *ਦਿੰਦਾ* ਹੈ ਤੋਂ ਵੱਧ ਕੇ ਇਸ ਗੱਲ ਵਿੱਚ ਨਿਸ਼ਚਿਤ ਹੋ ਸਕਦੇ ਹਾਂ ਕਿ ਇਹ ਕਿਹੜੀ ਸਿੱਖਿਆ *ਨਹੀਂ* ਦਿੰਦਾ ਹੈ। ਕਈ ਲੋਕ ਅਜਿਹੇ ਵਿਚਾਰ ਤੇ ਮਖੌਲ ਕਰਦੇ ਹਨ। ਉਹ ਪੁੱਛਦੇ ਹਨ, "ਕਿ ਜੇਕਰ ਤੁਸੀਂ ਇਸ ਗੱਲ ਦੇ ਲਈ ਨਿਸ਼ਚਿਤ ਨਹੀਂ ਹੋ ਕਿ ਇਹ ਸਿੱਖਿਆ ਦਿੰਦਾ ਹੈ ਤਾਂ ਤੁਸੀਂ ਇਸ ਗੱਲ ਲਈ ਕਿਵੇਂ ਨਿਸ਼ਚਤ ਹੋ ਸਕਦੇ ਹੋ ਕਿ ਇਹ ਕੀ ਨਹੀਂ ਸਿਖਾਉਂਦਾ?" ਮੈਂ ਮਿਸਾਲ ਦਿੰਦਾ ਹਾਂ ਕਿ ਇਹ ਕਿਵੇਂ ਸੰਭਵ ਹੈ। ਜਿਵੇਂ ਦੋ ਆਦਮੀ ਗੱਲਾਂ ਕਰ ਰਹੇ ਹਨ, ਇੱਕ ਇਸਤਰੀ ਉਨ੍ਹਾਂ ਦੇ ਕੋਲੋਂ ਨਿਕਲਦੀ ਹੈ। ਇੱਕ ਆਦਮੀ ਦੂਜੇ ਨੂੰ ਕਹਿੰਦਾ ਹੈ, "ਇਹ ਇਸਤਰੀ ਕੌਣ ਹੈ? ਕੀ ਉਹ ਤੁਹਾਡੀ ਪਤਨੀ ਹੈ?" ਦੂਜਾ ਆਦਮੀ ਉੱਤਰ ਦਿੰਦਾ ਹੈ, "ਮੈਂ ਨਹੀਂ ਜਾਣਦਾ ਕਿ ਉਹ ਕੌਣ *ਹੈ,* ਪਰ ਮੈਂ ਤੈਨੂੰ ਦੱਸ ਸਕਦਾ ਹਾਂ ਕਿ ਉਹ ਕੀ ਨਹੀਂ ਹੈ। ਉਹ ਮੇਰੀ ਪਤਨੀ ਨਹੀਂ ਹੈ।" ਹੋ ਸਕਦਾ ਹੈ ਕਿ ਮੈਂ 5:12-21 ਦੇ ਹਰ ਵੇਰਵੇ ਦੇ ਬਾਰੇ ਨਿਸ਼ਚਿਤ ਨਾ ਹੋਵਾਂ, ਪਰ ਮੈਨੂੰ ਵਿਸ਼ਵਾਸ ਹੈ ਕਿ ਇਹ ਕੁੱਝ ਨਿਸ਼ਚਿਤ ਸਿਧਾਂਤਾਂ ਨੂੰ ਨਹੀਂ ਸਿਖਾਉਂਦਾ ਹੈ।

1. ਇਹ ਇਸ ਗੱਲ ਦੀ ਸਿੱਖਿਆ *ਨਹੀਂ* ਦਿੰਦਾ ਹੈ ਕਿ ਅਸੀਂ ਆਦਮ ਦੇ ਪਾਪ ਦੇ ਦੋਸ਼ ਦੇ ਵਾਰਸ ਹਾਂ। ਆਪਣੇ ਆਪ ਨੂੰ "ਮਸੀਹੀ" ਕਹਿਣ ਵਾਲਿਆਂ ਦੇ ਵਿਚਕਾਰ ਇੱਕ ਬਹੁਤ ਹੀ ਪ੍ਰਸਾਰਿਤ ਵਿਸ਼ਵਾਸ ਹੈ ਕਿ, ਕਿਸੇ ਤਰੀਕੇ ਨਾਲ, ਅਸੀਂ ਆਦਮ ਦੇ ਦੋਸ਼ ਦੇ ਵਾਰਸ ਹਾਂ। ਤੀਸਰੀ ਸਦੀ ਵਿੱਚ, ਪੌਲੁਸ ਤੋਂ ਲਗਭਗ ਦੋ ਸੌ ਸਾਲ ਬਾਅਦ ਇੱਕ ਸਿਕੰਦਰੀ ਧਰਮ ਸ਼ਾਸਤਰੀ ਔਰਿਜੇਨ ਨੇ ਸਿਖਾਇਆ ਕਿ "ਨਵਜੰਮੇ ਬੱਚੇ" "ਪਾਪ ਤੋਂ ਰਹਿਤ ਨਹੀਂ ਹਨ।"[70] ਪੰਜਵੀਂ ਸਦੀ ਵਿੱਚ, ਅਗਸਟਾਈਨ ਨੇ ਇਸ ਵਿਚਾਰ ਨੂੰ ਫੈਲਾ ਦਿੱਤਾ ਅਤੇ ਪ੍ਰਚਲਿਤ ਕਰ ਦਿੱਤਾ। ਕੈਥੋਲਿਕਾਂ

ਨੇ ਇਸ ਨੂੰ "ਮੈਰੂਸੀ ਗੁਨਾਹ ਦੀ ਸਿੱਖਿਆ" ਕਿਹਾ। ਬਾਅਦ ਵਿੱਚ, ਜ਼ਿਆਦਾਤਰ ਪ੍ਰੋਟੇਸਟੈਂਟਾਂ ਨੇ ਪਰਿਭਾਸ਼ਤ ਸ਼ਬਦਾਵਲੀ "ਖ਼ਾਨਦਾਨੀ ਭ੍ਰਿਸ਼ਟਤਾ" ਜਾਂ "ਸਮੁੱਚੇ ਪ੍ਰਸ਼ਤੀ ਵਿਗਾੜ" ਨੂੰ ਪਹਿਲ ਦਿੰਦੇ ਹੋਏ, ਇਸ ਧਾਰਣਾ ਨੂੰ ਗਲੇ ਲਗਾ ਲਿਆ। ਉਨ੍ਹਾਂ ਨੇ ਇਹ ਵਿਸ਼ਵਾਸ ਕਰਦੇ ਹੋਏ "ਬੱਚਿਆਂ ਦੀ ਭ੍ਰਿਸ਼ਟਤਾ" ਦੇ ਬਾਰੇ ਬੋਲਿਆ ਕਿ ਇਹ "ਭ੍ਰਿਸ਼ਟਤਾ" ਵਿਰਾਸਤ ਵਿੱਚ ਮਿਲੀ ਹੈ। ਜਾੱਨ ਕੈਲਵਿਨ ਨੇ ਕਿਹਾ ਕਿ ਆਦਮ ਨੇ ਸਾਡੇ ਸੁਭਾਅ ਨੂੰ "ਭ੍ਰਿਸ਼ਟ ਕਰ ਦਿੱਤਾ ਹੈ, ਵਿਗਾੜ ਦਿੱਤਾ ਹੈ, ਦੂਸ਼ਿਤ ਕਰ ਦਿੱਤਾ ਹੈ, ਅਤੇ ਤਬਾਹ ਕਰ ਸੁੱਟਿਆ ਹੈ।"[71]

"ਸਮੁੱਚਾ ਪ੍ਰਸ਼ਤੀ ਵਿਗਾੜ" ਕਈ ਵਾਰ "ਕੈਲਵਿਨਵਾਦੀ ਸ਼ਾਸਤਰ" ਕਹੇ ਜਾਣ ਵਾਲੇ ਸ਼ਾਸਤਰ ਦੀ ਇੱਕ ਬੁਨਿਆਦੀ ਸਿੱਖਿਆ ਹੈ। ਹੇਠਾਂ ਸੰਖੇਪ ਜਾਣਕਾਰੀ ਦਿੱਤੀ ਗਈ ਹੈ ਕਿਵੇਂ "ਸਮੁੱਚਾ ਪ੍ਰਸ਼ਤੀ ਵਿਗਾੜ" ਲੋਕਾਂ ਦੇ ਬਚਾਏ ਜਾਣ ਦੇ ਰਾਹ ਵਿੱਚ ਕੈਲਵਿਨਵਾਦੀ ਸਿੱਖਿਆ ਵਿੱਚ ਫਿਟ ਬੈਠਦਾ ਹੈ:

ਲੋਕਾਂ ਦੇ ਬਾਰੇ ਕਿਹਾ ਜਾਂਦਾ ਹੈ ਕਿ ਉਹ ਆਦਮ ਦੇ ਪਾਪ ਦੇ ਦਾਗ ਦੇ ਨਾਲ ਹੀ ਪੈਦਾ ਹੋਏ ਹਨ; ਇਸ ਲਈ ਉਹ ਆਪਣੇ ਆਪ ਨੂੰ ਬਚਾਉਣ ਲਈ ਕੁੱਝ ਵੀ ਕਰ ਸਕਣ ਵਿੱਚ ਅਸਮਰਥ ਰਹੇ ਹਨ ("ਸਮੁੱਚਾ ਪ੍ਰਸ਼ਤੀ ਵਿਗਾੜ")।

ਕੈਲਵਿਨਵਾਦੀ ਸਿੱਖਿਆ ਵਿੱਚ ਵਿਸ਼ਵਾਸ ਰੱਖਣ ਵਾਲੇ ਲੋਕ ਪਰਮੇਸ਼ੁਰ ਤੋਂ ਆਸ ਰੱਖਦੇ ਹਨ ਕਿ ਪਰਮੇਸ਼ੁਰ ਲੋਕਾਂ ਨੂੰ ਨਵਜੀਵਨ ਪ੍ਰਦਾਨ ਕਰਨ ਅਤੇ ਬਚਾਉਣ ਦੇ ਲਈ ਉਨ੍ਹਾਂ ਤੇ ਪਵਿੱਤਰ ਆਤਮਾ ਨੂੰ ਭੇਜਦਾ ਹੈ ("ਪਵਿੱਤਰ ਆਤਮਾ ਦਾ ਪ੍ਰਤੱਖ ਕਾਰਜ")।

ਇਸ ਗੱਲ ਤੇ ਵਿਸ਼ਵਾਸ ਕਰਦੇ ਹੋਏ ਕਿ ਲੋਕ ਬਚਾਏ ਜਾਣ ਦੇ ਲਈ ਕੁੱਝ ਵੀ ਨਹੀਂ ਕਰ ਸਕਦੇ ਹਨ, ਕੈਲਵਿਨਵਾਦੀ ਸਿੱਖਿਆ ਤੇ ਵਿਸ਼ਵਾਸ ਕਰਨ ਵਾਲੇ ਇਹ ਵੀ ਕਹਿੰਦੇ ਹਨ ਕਿ ਉਹ ਗੁਆਚ ਜਾਣ ਦੇ ਲਈ ਕੁੱਝ ਵੀ ਨਹੀਂ ਕਰ ਸਕਦੇ ਹਨ ("ਧਰਮ-ਤਿਆਗ ਦੀ ਅਸੰਭਵਤਾ")।

"ਮੈਰੂਸੀ ਗੁਨਾਹ" ਦੇ ਸਿਧਾਂਤ ਦਾ ਇੱਕ ਉਤਪਾਦ ਇਹ ਸੀ ਕਿ ਕੈਥੋਲਿਕ ਲੋਕਾਂ ਨੇ ਮਰਨ ਵਾਲੇ ਉਨ੍ਹਾਂ ਬੱਚਿਆਂ ਦੇ ਬਾਰੇ ਚਿੰਤਾ ਕਰਨੀ ਸ਼ੁਰੂ ਕਰ ਦਿੱਤੀ ਜਿਨ੍ਹਾਂ ਤੇ (ਉਨ੍ਹਾਂ ਦੇ ਵਿਸ਼ਵਾਸ ਦੇ ਅਨੁਸਾਰ) ਆਦਮ ਦੇ ਪਾਪ ਦਾ ਦਾਗ ਸੀ। "ਮੈਰੂਸੀ ਗੁਨਾਹ" ਨੂੰ ਰੋਕਣ ਦੇ ਲਈ, ਉਨ੍ਹਾਂ ਨੇ ਬੱਚਿਆਂ ਦਾ "ਬਪਤਿਸਮਾ" ਕਰਨਾ ਸ਼ੁਰੂ ਕਰ ਦਿੱਤਾ। ਇਸ ਦੇ ਨਾਲ ਵੀ ਉਨ੍ਹਾਂ ਬੱਚਿਆਂ ਦੀ ਸਮੱਸਿਆ ਬਾਕੀ ਸੀ ਜਿਨ੍ਹਾਂ ਦਾ ਬਪਤਿਸਮਾ ਨਹੀਂ ਹੋਇਆ ਸੀ, ਇਸ ਲਈ ਉਨ੍ਹਾਂ ਨੇ "ਬਪਤਿਸਮਾ ਰਹਿਤ" ਮਰ ਚੁੱਕੇ ਬੱਚਿਆਂ ਦੇ ਲਈ ਇੱਕ ਅਗਲੇ-ਸੰਸਾਰ ਦੀ ਸਿੱਖਿਆ ਦੀ ਖੋਜ ਕੀਤੀ ਜਿਸ ਨੂੰ "ਲਿੰਬੋ"[72] ਕਿਹਾ ਜਾਂਦਾ ਸੀ। ਇਹ ਇੱਕ ਉਦਾਹਰਣ ਹੈ ਕਿ ਕਿਵੇਂ ਝੂਠੀਆਂ ਸਿੱਖਿਆਵਾਂ ਦੀ ਗਿਣਤੀ ਵਿੱਚ ਵਾਧਾ ਹੁੰਦਾ ਹੈ।

ਆਓ ਅਸੀਂ ਦੁਬਾਰਾ "ਮੈਰੂਸੀ ਗੁਨਾਹ ਦੇ ਸਿਧਾਂਤ" ਵਾਪਸ ਚੱਲੀਏ: ਮਨੁੱਖ ਅਜਿਹੇ ਵਿਚਾਰ ਵੱਲ ਕਿਵੇਂ ਆਏ? ਇਸ ਸਿਧਾਂਤ ਦੇ ਸਮਰਥਕ ਹਵਾਲਿਆਂ ਦੇ ਦੁਆਰਾ ਜਿਹੜੇ ਪਾਪ ਦੇ ਸਥਾਈ ਅਤੇ ਦੂਰ ਤੱਕ ਪਹੁੰਚਣ ਵਾਲੇ ਪ੍ਰਭਾਵ ਤੇ ਜ਼ੋਰ ਦਿੰਦੇ ਹਨ (ਜਿਵੇਂ ਕਿ ਕੂਚ 20:5) ਜਾਂ ਉਹ ਹਵਾਲੇ ਜਿਹੜੇ ਮਨੁੱਖ ਜਾਤੀ ਦੇ ਪਾਪੀ ਸੁਭਾਅ ਦੇ ਪ੍ਰਭਾਵ ਨੂੰ ਉਜਾਗਰ (ਅਤਿਕਥਨੀ) ਕਰਦੇ ਹਨ (ਜਿਵੇਂ ਜ਼ਬੂਰ 51:5[73])। ਰੋਮੀਆਂ 5:12-21, ਹਾਲਾਂਕਿ, ਉਨ੍ਹਾਂ ਦੇ

ਮੂਲ ਸਬੂਤ ਹਵਾਲਿਆਂ ਵਿੱਚੋਂ ਇੱਕ ਹੈ। ਐਡਵਰਡਜ਼ ਨੇ ਲਿਖਿਆ ਹੈ ਕਿ ਉਸ ਹਵਾਲੇ ਦੀ ਆਇਤ 12 "ਮੈਰੂਸੀ ਗੁਨਾਹ ਦੇ ਸਿਧਾਂਤ ਦੀ ਪ੍ਰਜਨਨ ਭੂਮੀ ਬਣੀ ਹੈ।"[74]

ਜਿਵੇਂ ਕਿ ਪਹਿਲਾਂ ਤੋਂ ਸੰਕੇਤ ਦਿੱਤਾ ਗਿਆ ਹੈ, ਇਹ ਸਿਧਾਂਤ, ਕਿਸੇ ਨਾ ਕਿਸੇ ਰੂਪ ਵਿੱਚ, ਈਸਾਈ ਜਗਤ ਵਿੱਚ ਸਵੀਕਾਰ ਕੀਤਾ ਜਾਣ ਵਾਲਾ ਸਭ ਤੋਂ ਵਿਆਪਕ ਸਿਧਾਂਤ ਹੈ। ਫਿਰ ਵੀ, ਮੈਂ ਵਿਸ਼ਵਾਸ ਨਾਲ ਕਹਿ ਸਕਦਾ ਹਾਂ ਕਿ ਇਹ ਰੋਮੀਆਂ 5 ਅਧਿਆਇ ਵਿੱਚ *ਨਹੀਂ* ਸਿਖਾਇਆ ਗਿਆ ਹੈ। ਅਰੰਭ ਵਿੱਚ, ਹਵਾਲੇ ਵਿੱਚ ਪੌਲੁਸ ਦਾ ਮਕਸਦ ਪਾਪ ਦੇ ਸੁਭਾਅ ਦਾ ਗਹਿਰਾਈ ਨਾਲ ਅਧਿਐਨ ਕਰਨਾ ਨਹੀਂ ਸੀ। ਬਹੁਤ ਸਾਰੇ ਟਿੱਪਣੀਕਾਰ ਮੰਨਦੇ ਹਨ ਕਿ ਪੌਲੁਸ ਦਾ ਅਜਿਹਾ ਕੋਈ ਵੀ ਮਕਸਦ ਨਹੀਂ ਸੀ।

> ਮੂ ਨੇ ਲਿਖਿਆ ਹੈ, "ਰੋਮੀਆਂ 5:12-21, ਦਾ ਕੇਂਦਰ-ਬਿੰਦੂ 'ਮੂਲ-ਪਾਪ' ਨਹੀਂ ਹੈ।"[75]

> ਐਡਵਰਡਜ਼ ਨੇ ਕਿਹਾ, "ਅਸਲ ਵਿੱਚ ਆਇਤ 12, ਇੱਕ ਡਾਕਟ੍ਰੀਨਲ ਨਜ਼ਰੀਏ ਤੋਂ ਪਾਪ ਦੀ ਸਮੱਸਿਆ ਤੇ ਚਰਚਾ ਨਹੀਂ ਕਰਦੀ . . . ਇੱਥੇ [ਪੌਲੁਸ ਦਾ] ਉਦੇਸ਼ ਮੈਰੂਸੀ ਗੁਨਾਹ ਦੇ ਕਿਸੇ ਸਿਧਾਂਤ ਨੂੰ ਵਿਕਸਿਤ ਕਰਨਾ ਨਹੀਂ ਹੈ।"[76]
>
> ਮੌਰਿਸ ਨੇ ਨਿਚੋੜ ਕੱਢਿਆ, "ਪੌਲੁਸ ਨੇ ਭ੍ਰਿਸ਼ਟ ਸੁਭਾਅ ਜਾਂ ਪਾਪੀ ਵਿਹਾਰਾਂ ਦੇ ਬਾਰੇ ਕੁੱਝ ਵੀ ਨਹੀਂ ਕਿਹਾ ਹੈ; ਅਜਿਹੇ ਵਿਚਾਰ ਪਾਠ ਵਿੱਚੋਂ ਕੁਝ ਪੜਦੇ ਹਨ।"[77]

ਅੱਗੇ, ਮੈਂ ਇਸ ਦਾਅਵੇ ਨੂੰ ਰੱਦ ਕਰਦਾ ਹਾਂ ਕਿ ਆਇਤ 12 ਤੋਂ 21 "ਸਮੁੱਚੇ ਪੁਸ਼ਤੀ ਵਿਗਾੜ" ਦੇ ਸਿਧਾਂਤ ਦੀ ਸਿੱਖਿਆ ਦਿੰਦਾ ਹੈ ਕਿਉਂਕਿ ਅਜਿਹੇ ਪਰਿਣਾਮ ਬਾਈਬਲ ਦੀ ਵਿਆਖਿਆ ਦੇ ਇੱਕ ਬੁਨਿਆਦੀ ਅਸੂਲ ਦੀ ਉਲੰਘਣਾ ਕਰਦੇ ਹਨ। ਉਸ ਸਿਧਾਂਤ ਦਾ ਵਰਣਨ ਇਸ ਪ੍ਰਕਾਰ ਕੀਤਾ ਜਾ ਸਕਦਾ ਹੈ: "ਕਿਸੇ ਅਸਪੱਸ਼ਟ ਹਵਾਲੇ ਦੀ ਵਿਆਖਿਆ ਨਾ ਕਰੋ ਤਾਂ ਕਿ ਕਿਸੇ ਹੋਰ ਸਥਾਨ ਦੇ ਸਾਦੇ ਹਵਾਲੇ ਦਾ ਉਲਟ ਨਾ ਹੋ ਜਾਵੇ।" ਲਗਭਗ ਹਰ ਕੋਈ ਇਸ ਗੱਲ ਨਾਲ ਸਹਿਮਤ ਹੈ ਕਿ ਇਨ੍ਹਾਂ ਆਇਤਾਂ ਦਾ ਕੁੱਝ ਹਿੱਸਾ ਜਾਂ ਇਹ ਆਇਤਾਂ ਸਮੁੱਚੇ ਰੂਪ ਵਿੱਚ ਅਸਪੱਸ਼ਟ ਹਨ। ਅਜਿਹਾ ਮਾਮਲਾ ਹੋਣ ਦੇ ਕਾਰਨ, ਇਸ ਹਵਾਲੇ ਦੀ ਇੱਕ ਅਜਿਹੇ ਤਰੀਕੇ ਨਾਲ ਵਿਆਖਿਆ ਕੀਤੀ ਜਾਣੀ ਚਾਹੀਦੀ ਹੈ ਕਿ ਇਹ ਹੇਠਾਂ ਦਿੱਤੀ ਬਾਈਬਲ ਦੀ ਸਧਾਰਣ ਸਿੱਖਿਆ ਇਸ ਤਰ੍ਹਾਂ ਦੀ ਹੋਰਨਾਂ ਸਿੱਖਿਆਵਾਂ ਦਾ ਖੰਡਣ ਨਾ ਕਰੇ:

> ਬੱਚੇ ਸ਼ੁੱਧ ਅਤੇ ਪਵਿੱਤਰ ਪੈਦਾ ਹੁੰਦੇ ਹਨ, ਨਾ ਕਿ ਭ੍ਰਿਸ਼ਟ ਜਾਂ ਆਦਮ ਦੇ ਪਾਪ ਦੇ ਦਾਗ ਦੇ ਨਾਲ (ਵੇਖੋ ਮੱਤੀ 18:3; 19:14)।
>
> ਹਰ ਕੋਈ ਆਪਣੇ ਪਾਪ ਦੇ ਲਈ ਆਪ ਜ਼ਿੰਮੇਵਾਰ ਹੈ (ਵੇਖੋ ਅਫ਼ਸੀਆਂ 2:1; ਕੁਲੁੱਸੀਆਂ 2:13), ਨਾ ਕਿ ਆਪਣੇ ਪਿਤਾ ਦੇ ਪਾਪ ਦਾ (ਹਿਜ਼ਕੀਏਲ 18:20) ਜਾਂ ਸਾਡੇ ਪਿਤਾ ਅਬਰਾਹਾਮ ਦੇ ਪਾਪ ਦਾ।

ਕੀ ਮੈਂ ਇਹ ਸੁਝਾਅ ਦੇ ਰਿਹਾ ਹਾਂ ਕਿ ਆਦਮ ਦੇ ਪਾਪ ਦਾ ਇਹ ਸੰਸਾਰ ਜਿਸ ਵਿੱਚ ਤੁਸੀਂ ਰਹਿੰਦੇ ਹੋ ਘਾਤਕ ਪ੍ਰਭਾਵ ਨਹੀਂ ਸੀ? ਬਿਲਕੁਲ ਨਹੀਂ। ਜਦ ਕਿ ਅਸੀਂ ਆਦਮ ਦੇ ਪਾਪ ਦੇ *ਦੋਸ਼* ਦੇ ਵਾਰਸ ਨਹੀਂ ਹਾਂ, ਸਾਨੂੰ ਉਸ ਦੇ ਪਾਪ ਦੇ ਵਿਆਪਕ *ਨਤੀਜੇ* ਵਿਰਾਸਤ ਵਿੱਚ ਮਿਲੇ ਹਨ। ਆਇਤ 17 ਵਿੱਚ, JB ਵਿੱਚ ਹੈ "ਇੱਕ ਆਦਮੀ ਦੇ ਪਤਣ ਦੇ *ਨਤੀਜੇ* ਵਜੋਂ ਮੌਤ ਨੇ ਹਰ ਕਿਸੇ ਤੇ ਰਾਜ ਕੀਤਾ" (ਜ਼ੋਰ ਦਿੱਤਾ ਗਿਆ ਹੈ)। "ਪਾਪ" ਅਤੇ "ਨਤੀਜਿਆਂ" ਵਿੱਚ ਕੀ ਅੰਤਰ

ਹੈ? ਜੇਕਰ ਮੇਰੇ ਪਿਤਾ ਜੀ ਕਤਲ ਦੇ ਦੋਸ਼ੀ ਸਨ, ਤਾਂ ਉਨ੍ਹਾਂ ਦਾ ਦੋਸ਼ ਮੇਰੇ ਤੇ ਨਹੀਂ ਆਵੇਗਾ; ਉਸ ਅਪਰਾਧ ਦੇ ਲਈ ਮੇਰੇ ਤੇ ਮੁਕੱਦਮਾ ਨਹੀਂ ਚਲਾਇਆ ਜਾਵੇਗਾ। ਫਿਰ ਵੀ, ਉਨ੍ਹਾਂ ਦੇ ਇਸ ਕੰਮ ਦੇ ਕਾਰਨ ਮੈਨੂੰ ਬਹੁਤ ਸਾਰੇ ਨਤੀਜੇ ਭੋਗਣੇ ਪੈਣਗੇ-ਜਿਵੇਂ ਦਿਲ ਦਾ ਦਰਦ, ਦੁੱਖ, ਅਤੇ ਸ਼ਰਮਿੰਦਗੀ। ਫਿਰ, ਮੈਂ ਕਹਿੰਦਾ ਹਾਂ ਕਿ ਅਸੀਂ ਆਦਮ ਦੇ ਪਾਪ ਦੇ ਦੋਸ਼ ਦੇ ਵਾਰਿਸ ਨਹੀਂ ਹਾਂ, ਪਰ ਤਾਂ ਵੀ ਹਰ ਦਿਨ ਸਾਨੂੰ ਉਸ ਦੇ ਕੰਮ ਦੇ ਪਰਿਣਾਮਾਂ ਨੂੰ ਭੁਗਤਣਾ ਪੈਂਦਾ ਹੈ।

ਕਿਹੜੇ ਨਤੀਜੇ? ਆਇਤ 12 ਕਹਿੰਦੀ ਹੈ ਕਿ "ਇੱਕ ਮਨੁੱਖ ਤੋਂ ਪਾਪ ਸੰਸਾਰ ਵਿੱਚ ਆਇਆ।" ਅਦਨ ਦੇ ਬਗੀਚੇ ਵਿੱਚ, ਸਿਰਫ ਇੱਕ ਬੁਰਾਈ ਦਾ ਪ੍ਰਤਿਨਿਧੀ ਗਵਾਹ ਸੀ। ਸੱਪ (ਉਤਪਤ 3:1) ਦੇ ਭੇਸ ਵਿੱਚ ਸ਼ਤਾਨ ਜਾਂ (ਵੇਖੋ ਪਰਕਾਸ਼ ਦੀ ਪੋਥੀ 12:9) ਜਾਂ ਸ਼ਤਾਨ ਦਾ ਇੱਕ ਏਜੰਟ। ਅੱਜ, ਸਾਨੂੰ ਕਿਹਾ ਗਿਆ ਹੈ ਕਿ ਸਾਡੀ "ਲੜਾਈ . . . ਹਕੂਮਤਾਂ, ਇਖ਼ਤਿਆਰਾਂ, ਅਤੇ ਅੰਧਕੋਰ ਦੇ ਮਹਾਰਾਜਿਆਂ ਅਤੇ ਦੁਸ਼ਟ ਆਤਮਿਆਂ ਨਾਲ ਹੁੰਦੀ ਹੈ ਜੋ ਸੁਰਗੀ ਥਾਵਾਂ ਵਿੱਚ ਹਨ" (ਅਫ਼ਸੀਆਂ 6:12)। ਇਹ "ਬਦੀ ਦੀ ਸੈਨਾ" ਕਿੱਥੋਂ ਆਈ ਸੀ? ਕਿਸੇ ਤਰੀਕੇ ਨਾਲ, ਕੀ ਆਦਮ ਦੀ ਅਣਆਗਿਆਕਾਰੀ ਨੇ "ਦਰਵਾਜ਼ਾ ਖੋਲ੍ਹ ਦਿੱਤਾ ਸੀ" ਕਿ ਤਾਂ ਕਿ ਬਦੀ ਦੀਆਂ ਫੌਜ਼ਾਂ ਦਾ ਹੜ੍ਹ ਸੰਸਾਰ ਵਿੱਚ ਆ ਜਾਵੇ? ਮੈਨੂੰ ਨਹੀਂ ਪਤਾ, ਪਰ ਕਿਸੇ ਨੇ ਸੰਸਾਰ ਵਿੱਚ ਬਦੀ ਨੂੰ ਫੈਲਾਉਣਾ ਸ਼ੁਰੂ ਕਰ ਦਿੱਤਾ ਸੀ।

ਖਾਸ ਤੌਰ ਤੇ, ਆਇਤ 12 ਕਹਿੰਦੀ ਹੈ ਕਿ "ਪਾਪ ਦੇ ਦੁਆਰਾ *ਮੌਤ* [ਸੰਸਾਰ ਵਿੱਚ ਆ ਗਈ] (ਜ਼ੋਰ ਦਿੱਤਾ ਗਿਆ ਹੈ)। ਪਰਮੇਸ਼ੁਰ ਨੇ ਆਦਮ ਨੂੰ ਕਿਹਾ, "ਭਲੇ ਬੁਰੇ ਦੀ ਸਿਆਣ ਦੇ ਬਿਰਛ ਤੋਂ ਤੂੰ ਨਿਸੰਗ ਖਾਈਂ ਕਿਉਂਜੋ ਜਿਸ ਦਿਨ ਤੂੰ ਉਸ ਤੋਂ ਖਾਵੇਂ ਤੂੰ ਜ਼ਰੂਰ ਮਰੇਂਗਾ" (ਉਤਪਤ 2:17)। ਇਸ ਚੇਤਾਵਨੀ ਦੇ ਬਾਵਜੂਦ, ਉਸਨੇ ਅਤੇ ਹੱਵਾਹ ਨੇ ਖਾ ਲਿਆ (ਉਤਪਤ 3:6)। ਨਤੀਜੇ ਵਜੋਂ, ਉਹ ਬਗੀਚੇ ਵਿੱਚੋਂ ਬਾਹਰ ਕੱਢ ਦਿੱਤੇ ਗਏ ਅਤੇ ਜੀਵਨ ਦੇ ਰੁੱਖ ਤੋਂ ਖਾ ਨਾ ਸਕੇ (ਉਤਪਤ 3:24)। ਜਦੋਂ ਇਹ ਹੋ ਗਿਆ, ਤਾਂ ਉਨ੍ਹਾਂ ਦੇ ਸਰੀਰ ਖਰਾਬ ਹੋਣੇ ਸ਼ੁਰੂ ਹੋ ਗਿਆ; ਉਨ੍ਹਾਂ ਨੇ ਮਰਨਾ ਸ਼ੁਰੂ ਕਰ ਦਿੱਤਾ। ਮੌਤ ਦਾ ਸਰਾਪ ਸੰਸਾਰ ਵਿੱਚ ਆ ਗਿਆ ਸੀ। ਉਸ ਦੁੱਖ ਅਤੇ ਦਰਦ ਦੇ ਬਾਰੇ ਸੋਚੋ ਜੋ ਮੌਤ ਨੂੰ ਲਿਆਉਂਦੇ ਹਨ; ਉਨ੍ਹਾਂ ਅੱਥਰੂਆਂ ਦੇ ਬਾਰੇ ਸੋਚੋ ਜੋ ਕਬਰਸਥਾਨਾਂ ਤੇ ਵਹਾਏ ਜਾਂਦੇ ਹਨ। ਇਸ ਵਿੱਚ ਕੋਈ ਹੈਰਾਨੀ ਦੀ ਗੱਲ ਨਹੀਂ ਹੈ ਕਿ ਪੌਲੁਸ ਨੇ ਮੌਤ ਨੂੰ ਇੱਕ "ਦੁਸ਼ਮਣ" ਦੇ ਰੂਪ ਵਿੱਚ ਦਰਸਾਇਆ ਹੈ (1 ਕੁਰਿੰਥੀਆਂ 15:26)। ਇਹ ਸਭ ਆਦਮ ਦੇ ਪਾਪ ਦਾ ਨਤੀਜਾ ਹੈ।

ਮੌਤ ਦੇ ਆਪਣੇ ਸੰਤਾਪ ਤੋਂ ਵੱਧ ਕੇ ਗੰਭੀਰ ਉਹ ਤਰੀਕਾ ਹੈ ਜਿਸ ਦੇ ਦੁਆਰਾ ਸ਼ਤਾਨ ਨੇ ਮੌਤ ਨੂੰ ਸਦੀਆਂ ਤੋਂ ਡਰਾਉਣ ਅਤੇ ਮਜ਼ਬੂਰ ਕਰਨ ਦੇ ਲਈ ਵਰਤਿਆ ਹੈ। ਯਿਸੂ ਦੇ ਬਲੀਦਾਨ ਦੇ ਬਾਰੇ ਬੋਲਦੇ ਹੋਏ, ਇਬਰਾਨੀਆਂ ਦੇ ਲੇਖਕ ਨੇ ਕਿਹਾ ਹੈ,

> ਸੋ ਜਦ ਬਾਲਕ [ਸਾਰੇ ਲੋਕ] ਲਹੂ ਅਤੇ ਮਾਸ ਵਿੱਚ ਸਾਂਝੀ ਹੁੰਦੇ ਹਨ ਤਾਂ ਉਨ੍ਹਾਂ ਵਾਂਙੁ ਉਹ [ਮਸੀਹ] ਆਪ ਵੀ ਇਨ੍ਹਾਂ ਹੀ ਵਿੱਚ ਭਿਆਲ ਬਣਿਆ ਤਾਂ ਜੋ ਮੌਤ ਦੇ ਰਾਹੀਂ ਉਹ ਉਸ ਨੂੰ ਜਿਹ ਦੇ ਵੱਸ ਵਿੱਚ ਮੌਤ ਹੈ ਅਰਥਾਤ ਸ਼ਤਾਨ ਨੂੰ ਨਾਸ ਕਰੇ। ਅਤੇ ਉਨ੍ਹਾਂ ਨੂੰ ਜਿਹੜੇ ਮੌਤ ਦੇ ਡਰ ਤੋਂ ਸਾਰੀ ਉਮਰ ਗੁਲਾਮੀ ਵਿੱਚ ਫਸੇ ਹੋਏ ਸਨ ਛੁਡਾਵੇ (ਇਬਰਾਨੀਆਂ 2:14, 15)।

ਸਾਲਾਂ ਤੋਂ, ਮੌਤ ਸ਼ਤਾਨ ਦੇ ਇੱਕ "ਵੱਡੇ ਡੰਡੇ" ਦੇ ਰੂਪ ਵਿੱਚ ਲੋਕਾਂ ਨੂੰ ਮਜ਼ਬੂਰ ਕਰਨ ਦਾ ਹਥਿਆਰ ਬਣੀ ਰਹੀ ਹੈ ਕਿ ਉਹ ਉਸ ਦੀ ਆਗਿਆ ਮੰਨਣ। ਪਰਮੇਸ਼ੁਰ ਦਾ ਧੰਨਵਾਦ ਹੋਵੇ, ਯਿਸੂ ਦੀ ਮੌਤ ਅਤੇ ਪੁਨਰ-ਉੱਥਾਨ ਦੇ ਦੁਆਰਾ, ਪ੍ਰਭੂ ਨੇ ਸ਼ਤਾਨ ਦੇ "ਵੱਡੇ ਡੰਡੇ" ਨੂੰ ਉਸ ਦੇ

ਕੋਲੋਂ ਲੈ ਕੇ ਦੂਰ ਕਰ ਦਿੱਤਾ!

ਫਿਰ ਵੀ ਇਹ ਜਾਣ ਲਵੋ ਕਿ ਉਹ ਸਰੀਰਕ ਮੌਤ ਮੁਸ਼ਕਲਾਂ ਦੇ ਪੈਕਟ ਉਤਲੀ ਸਿਰਫ ਇੱਕ ਪਰਤ ਸੀ ਜੋ ਉਸ ਦਿਨ ਪਾੜ ਕੇ ਖੋਲ੍ਹ ਦਿੱਤੀ ਗਈ ਜਿਸ ਦਿਨ ਆਦਮ ਅਤੇ ਹੱਵਾਹ ਨੇ ਪਾਪ ਕੀਤਾ। ਪਰਮੇਸ਼ੁਰ ਨੇ ਹੱਵਾਹ ਨੂੰ ਕਿਹਾ, "ਮੈਂ ਤੇਰੇ ਗਰਭ ਦੀ ਪੀੜ ਬਹੁਤ ਵਧਾਵਾਂਗਾ। ਪੀੜ ਨਾਲ ਤੂੰ ਬੱਚੇ ਜਣੇਂਗੀ" (ਉਤਪਤ 3:16)। ਫੇਰ ਉਸਨੇ ਆਦਮ ਨੂੰ ਆਖਿਆ,

> ਏਸ ਲਈ ਕਿ ਤੂੰ . . . ਅਤੇ ਉਸ ਬਿਰਛ ਤੋਂ ਖਾਧਾ ਜਿਸ ਦੇ ਵਿਖੇ ਮੈਂ ਤੈਨੂੰ ਹੁਕਮ ਦਿੱਤਾ ਸੀ ਭਈ ਉਸ ਤੋਂ ਨਾ ਖਾਈਂ"; . . . ਜ਼ਮੀਨ ਤੇਰੇ ਕਾਰਨ ਸਰਾਪਤ ਹੋਈ; . . . ਉਹ ਕੰਡੇ ਅਰ ਕੰਡਿਆਲੇ ਤੇਰੇ ਲਈ ਉਗਾਵੇਗੀ; . . . ਤੂੰ ਆਪਣੇ ਮੂੰਹ ਦੇ ਮੁੜ੍ਹਕੇ ਦੀ ਰੋਟੀ ਖਾਵੇਂਗਾ, ਜਦ ਤੀਕ ਤੂੰ ਮਿੱਟੀ ਵਿੱਚ ਫੇਰ ਨਾ ਮੁੜੇਂ, ਕਿਉਂਜੋ ਤੂੰ ਉਸ ਤੋਂ ਕੱਢਿਆ ਗਿਆ ਸੀ। ਮਿੱਟੀ ਹੈਂ, ਅਤੇ ਮਿੱਟੀ ਵਿੱਚ ਤੂੰ ਮੁੜ ਜਾਵੇਂਗਾ (ਉਤਪਤ 3:17-19)।

ਸਾਰੀ ਸ੍ਰਿਸ਼ਟੀ ਆਦਮ ਦੇ ਪਾਪ ਦੇ ਕਾਰਨ ਪ੍ਰਭਾਵਿਤ ਸੀ (ਵੇਖੋ 8:20-22)। ਬੱਚੇ ਦੇ ਜਨਮ ਦੇਣ ਦੇ ਸਮੇਂ ਹਰ ਵਾਰ ਇੱਕ ਇਸਤਰੀ ਦਰਦ ਨਾਲ ਤੜਫਦੀ ਹੈ, ਹਰ ਵਾਰ ਇੱਕ ਪਸੀਨੇ ਨਾਲ ਭਰਿਆ ਕਿਸਾਨ ਹੋਰ ਬੂਟੀ ਨੂੰ ਖੋਦਦਾ ਹੈ, ਹਰ ਵਾਰ ਇੱਕ ਕਰਮਚਾਰੀ ਦਾ ਕੰਮ ਤੇ ਔਖਾ ਦਿਨ ਹੁੰਦਾ ਹੈ, ਹਰ ਵਾਰ ਇੱਕ ਹੋਰ ਆਫਤ ਆ ਜਾਂਦੀ ਹੈ, ਸਾਡੇ ਕੋਲ ਪਾਪ ਦੇ ਪਰਿਣਾਮ ਦੇ ਦੂਰ ਤੱਕ ਪਹੁੰਚਣ ਦੇ ਸੰਬੰਧ ਵਿੱਚ ਦੋ ਵਾਧੂ ਸਬੂਤ ਹਨ, ਅਸੀਂ ਪਾਪ ਨਾਲ ਭਰੇ ਅਤੇ ਪਾਪ-ਨਾਲ ਨਸ਼ਟ ਦੁਨੀਆਂ ਵਿੱਚ ਰਹਿ ਰਹੇ ਹਾਂ। ਬਾਈਬਲ ਸਾਨੂੰ ਇਹ ਨਹੀਂ ਸਿਖਾਉਂਦੀ ਕਿ ਆਦਮ ਦੇ ਪਾਪ ਦਾ ਦੋਸ਼ ਉਸ ਦੇ ਬੱਚਿਆਂ ਵਿੱਚ ਚਲਾ ਗਿਆ, ਪਰ ਅਸੀਂ ਹਰ ਦਿਨ ਉਸਦੀ ਅਣਆਗਿਆਕਾਰੀ ਦੇ ਨਤੀਜਿਆਂ ਨੂੰ ਭੋਗਣਾ ਪੈਂਦਾ ਹੈ।

ਆਧੁਨਿਕ-ਸਮੇਂ ਦੇ ਜ਼ਿਆਦਾਤਰ ਟਿੱਪਣੀਕਾਰ ਹੁਣ ਇਹ ਸਿੱਖਿਆ ਨਹੀਂ ਦਿੰਦੇ ਕਿ ਬੱਚੇ ਆਦਮ ਦੇ ਪਾਪ ਦੇ *ਦੋਸ਼* ਦੇ ਨਾਲ ਪੈਦਾ ਹੁੰਦੇ ਹਨ ਜਿਸ ਦਾ ਦਾਗ ਉਨ੍ਹਾਂ ਦੀਆਂ ਆਤਮਾਵਾਂ ਤੇ ਨਹੀਂ ਹੁੰਦਾ ਹੈ। ਇਸ "ਸਮੁੱਚੇ ਪੁਸ਼ਤੀ ਵਿਗਾੜ" ਦੇ ਸਿਧਾਂਤ ਨੂੰ ਆਧੁਨਿਕ ਸੋਚ ਦੇ ਨਾਲ ਹੋਰ ਜ਼ਿਆਦਾ ਦਿਲਚਸਪ ਬਣਾਉਣ ਦੇ ਲਈ, ਉਨ੍ਹਾਂ ਨੂੰ ਇਸ ਨੂੰ ਪਤਲਾ ਕਰਨਾ ਪਿਆ। ਬਹੁਤ ਸਾਰੇ ਲੋਕ ਹੁਣ ਇਹ ਸਿਖਾਉਣਾ ਚਾਹੁੰਦੇ ਹਨ ਕਿ ਆਦਮ ਦਾ ਪਾਪ ਸਾਰੇ ਪ੍ਰਾਣੀਆਂ ਵਿੱਚ ਪਾਇਆ ਗਿਆ ਹੈ ਪਾਪ ਦੇ ਪ੍ਰਤਿ "ਪਾਪੀ ਪ੍ਰਵਿਰਤੀਆਂ", ਇੱਕ 'ਝੁਕਾਅ", ਜਾਂ "ਲਗਨ"—ਕਿ ਅਸੀਂ ਆਦਮ ਤੋਂ "ਪਾਪੀ ਸੁਭਾਅ" ਵਿਰਾਸਤ ਵਿੱਚ ਪਾਇਆ ਹੈ। ਬਹੁਤ ਸਾਰੇ ਲੇਖਕ ਵਿਸ਼ਵਾਸ ਦੇ ਨਾਲ ਕਹਿੰਦੇ ਹਨ ਕਿ ਇਹ "ਪਾਪੀ ਸੁਭਾਅ" ਦੇ *ਕਾਰਨ* ਹੀ ਅਸੀਂ ਪਾਪ ਕਰਦੇ ਹਾਂ। ਕੁੱਝ ਇੱਥੋਂ ਤੱਕ ਕਹਿੰਦੇ ਹਨ ਕਿ ਇਹ *ਅਟੱਲ* ਹੈ ਕਿ ਅਸੀਂ ਪਾਪ ਕਰਾਂਗੇ (ਕਿ ਅਸੀਂ ਪਾਪ ਤੋਂ ਦੂਰ ਨਹੀਂ ਰਹਿ ਸਕਦੇ ਹਾਂ) ਕਿਉਂਕਿ ਅਸੀਂ ਇਹ "ਪਾਪੀ ਸੁਭਾਅ" ਆਦਮ ਤੋਂ ਵਿਰਾਸਤ ਵਿੱਚ ਪ੍ਰਾਪਤ ਕੀਤਾ ਹੈ। ਕੁੱਝ ਅਨੁਵਾਦਕ ਇਸ ਧਰਮ ਸ਼ਾਸਤਰ ਨੂੰ ਪ੍ਰਤਿਬਿੰਬਿਤ ਕਰਦੇ ਹਨ। ਉਦਾਹਰਣ ਦੇ ਲਈ, NIV ਅਕਸਰ "ਸਰੀਰ" ਦੇ ਲਈ ਯੂਨਾਨੀ ਸ਼ਬਦ (σάρξ, *ਸਾਰਕਸ*) ਦਾ ਅਨੁਵਾਦ "ਪਾਪੀ ਸੁਭਾਅ" ਦੇ ਰੂਪ ਵਿੱਚ ਕਰਦੀ ਹੈ (7:18; 8:4, 5, 8; 13:14)। ਸਾਨੂੰ ਕਿਹਾ ਗਿਆ ਹੈ ਕਿ "ਪਾਪੀ ਸੁਭਾਅ" ਦਾ ਹੋਣਾ ਇਸ ਗੱਲ ਦਾ ਵਰਣਨ ਕਰਦਾ ਹੈ ਕਿ ਕਿਵੇਂ ਕੁੱਝ ਲੋਕ ਇੰਨੇ ਸ਼ੈਤਾਨੀ ਹੋ ਜਾਂਦੇ ਹਨ ਅਤੇ ਇੱਥੋਂ ਤੱਕ ਕਿ ਕਿਉਂ ਬੱਚੇ ਮਾਪਿਆਂ ਦੇ ਅਣਆਗਿਆਕਾਰੀ ਹੋ ਜਾਂਦੇ ਹਨ।

ਮੈਨੂੰ "ਸਮੁੱਚੇ ਪੁਸ਼ਤੀ ਵਿਗਾੜ" ਦੇ ਸੋਧ ਕੀਤੇ ਹੋਏ ਇਸ ਵਿਚਾਰ ਤੋਂ ਸਮੱਸਿਆਵਾਂ ਹਨ। ਪਹਿਲੀ, ਮੈਂ ਇਹ ਵਿਸ਼ਵਾਸ ਕਰਦਾ ਹਾਂ ਕਿ ਇਹ ਪਹਿਲਾਂ ਦਿੱਤੇ ਗਏ ਸਾਦੇ ਹਵਾਲਿਆਂ ਦਾ, ਇਸਦੇ ਨਾਲ ਹੀ ਅਜ਼ਾਦ ਮਰਜ਼ੀ ਤੇ ਜੋ ਪਰਮੇਸ਼ੁਰ ਸਾਡੇ ਵਿੱਚੋਂ ਹਰ ਇੱਕ ਨੂੰ ਦਿੰਦਾ ਹੈ ਬਾਈਬਲ ਦੀ ਸਿੱਖਿਆ ਦਾ ਵੀ ਉਲੰਘਣ ਕਰਦਾ ਹੈ। ਦੂਸਰਾ, ਮੈਂ ਇਹ ਨਹੀਂ ਸਮਝ ਸਕਦਾ ਕਿ ਆਦਮ ਕਿਵੇਂ ਆਪਣੇ "ਪਾਪੀ ਸੁਭਾਅ" ਨੂੰ ਆਪਣੇ ਵੰਸ਼ ਵਿੱਚ ਪਾ ਸਕਦਾ ਹੈ। ਕੀ ਆਦਮ ਨੇ ਕਿਸੇ ਅਜਿਹੀ ਵਸਤੂ ਨੂੰ ਉਨ੍ਹਾਂ ਵਿੱਚ ਪਾਇਆ ਹੈ ਜੋ ਉਸ ਦੇ ਦੁਆਰਾ ਪਾਪ ਕਰਨ ਤੋਂ ਪਹਿਲਾਂ ਉਸ ਦੇ ਅੰਦਰ ਪਾਈ ਜਾਂਦੀ ਸੀ? ਦੂਜੇ ਸ਼ਬਦਾਂ ਵਿੱਚ, ਕਿ ਉਸ ਨੇ ਇਸ ਲਈ ਪਾਪ ਕੀਤਾ ਸੀ ਕਿ ਉਸ ਵਿੱਚ ਵੀ "ਪਾਪੀ ਸੁਭਾਅ" ਪਾਇਆ ਜਾਂਦਾ ਸੀ? ਜੇਕਰ ਅਜਿਹਾ ਸੀ ਤਾਂ ਫਿਰ ਪਰਮੇਸ਼ੁਰ ਨੇ, ਜਿਸ ਨੇ ਆਦਮ ਦੀ ਰਚਨਾ ਕੀਤੀ ਸੀ, ਜ਼ਰੂਰ ਉਸ ਨੇ ਹੀ ਉਹ "ਪਾਪੀ ਸੁਭਾਅ" ਉਸ ਦੇ ਅੰਦਰ ਪਾਇਆ ਸੀ। ਇਸ ਲਈ ਆਦਮ ਦੇ ਪਾਪ ਦੇ ਲਈ ਪਰਮੇਸ਼ੁਰ ਜ਼ਿੰਮੇਵਾਰ ਹੋਵੇਗਾ। ਯਕੀਨਨ, ਅਸੀਂ ਇਸ ਨਤੀਜੇ ਨੂੰ ਸਵੀਕਾਰ ਨਹੀਂ ਕਰ ਸਕਦੇ।

ਜੇਕਰ ਪਾਪ ਕਰਨ ਤੋਂ *ਪਹਿਲਾਂ* ਆਦਮ ਵਿੱਚ "ਪਾਪੀ ਸੁਭਾਅ" ਨਹੀਂ ਸੀ ਤਾਂ ਉਸ ਦਾ "ਪਾਪੀ ਸੁਭਾਅ" (ਅਧੁਨਿਕ ਸਮੇਂ ਵਿੱਚ ਜੋ ਸ਼ਬਦ ਚੋਣ ਲਈ ਵਰਤਿਆ ਜਾਂਦਾ ਹੈ) ਜ਼ਰੂਰ ਉਸਦੀ ਅਜ਼ਾਦ ਮਰਜੀ ਨੂੰ ਵਰਤਣ ਦਾ ਨਤੀਜਾ ਹੈ। ਦੂਜੇ ਸ਼ਬਦਾਂ ਵਿੱਚ, ਉਸ ਦਾ "ਪਾਪੀ ਸੁਭਾਅ" ਉਸ ਦਾ ਹਾਸਲ ਕੀਤਾ ਗਿਆ ਇੱਕ ਗੁਣ ਸੀ। ਇਸ ਲਈ, "ਸਮੁੱਚੇ ਪੁਸ਼ਤੀ ਵਿਗਾੜ" ਦੇ ਸੰਸ਼ੋਧਤ ਸਿਧਾਂਤ ਦੇ ਅਨੁਸਾਰ, ਆਦਮ ਨੇ ਇੱਕ ਹਾਸਲ ਕੀਤਾ ਗੁਣ ਅਗਾਂਹ ਤੋਰਿਆ—ਜੋ ਕਿ ਇੱਕ ਹੋਰ ਗਲਤ ਅਤੇ ਨਾ ਮੰਨਣਯੋਗ ਨਿਚੋੜ ਹੈ। ਜੇਕਰ ਇੱਕ ਦੁਰਘਟਨਾ ਵਿੱਚ ਮੇਰੀ ਬਾਂਹ ਕੱਟੀ ਜਾਂਦੀ ਹੈ (ਇੱਕ ਪ੍ਰਾਪਤ ਕੀਤਾ ਹੋਇਆ ਗੁਣ), ਤਾਂ ਇਸਦਾ ਅਰਥ ਇਹ ਨਹੀਂ ਹੈ ਕਿ ਮੇਰੇ ਬੱਚੇ ਇੱਕ ਬਾਂਹ ਤੋਂ ਬਿਨਾਂ ਪੈਦਾ ਹੋਣਗੇ।

ਆਦਮ ਨੇ ਇਸ ਲਈ ਪਾਪ ਨਹੀਂ ਕੀਤਾ ਕਿਉਂਕਿ ਉਹ ਇੱਕ "ਪਾਪੀ ਸੁਭਾਅ" ਦੇ ਨਾਲ ਰਚਿਆ ਗਿਆ ਸੀ, ਅਤੇ ਅਸੀਂ ਇਸ ਲਈ ਪਾਪ ਨਹੀਂ ਕਰਦੇ ਕਿਉਂਕਿ ਅਸੀਂ ਇੱਕ "ਪਾਪੀ ਸੁਭਾਅ" ਵਿੱਚ ਪੈਦਾ ਹੋਏ ਹਾਂ। ਫਿਰ, ਉਸਨੇ, ਕਿਉਂ ਪਾਪ ਕੀਤਾ? ਅਸੀਂ ਕਿਉਂ ਪਾਪ ਕਰਦੇ ਹਾਂ? ਮਨੁੱਖੀ ਵਿਵਹਾਰ ਦੇ ਭੇਤ ਦੀ ਹਰ ਚੀਜ਼ ਨੂੰ ਸਮਝ ਸਕਣ ਦਾ ਦਾਅਵਾ ਕਰਨ ਤੋਂ ਬਿਨਾਂ, ਮੈਨੂੰ ਖੁਦ ਦੇ ਅਤੇ ਆਦਮ ਦੇ ਬਾਰੇ ਬਾਈਬਲ ਦੇ ਕੁੱਝ ਮੂਲ ਤੱਥਾਂ ਤੇ ਪੁਨਰ-ਵਿਚਾਰ ਕਰਨਾ ਚਾਹੀਦਾ ਹੈ:

ਪਰਮੇਸ਼ੁਰ ਦੇ ਦੁਆਰਾ ਆਦਮ ਦੀ ਆਤਮਾ ਨੂੰ ਸ਼ੁੱਧ ਅਤੇ ਪਵਿੱਤਰ ਬਣਾਇਆ ਗਿਆਸੀ। ਉਸੇ ਪ੍ਰਕਾਰ, ਸਾਡੀਆਂ ਆਤਮਾਵਾਂ ਵੀ ਸ਼ੁੱਧ ਅਤੇ ਪਵਿੱਤਰ ਹਨ, ਕਿਉਂਕਿ ਉਹ ਪਰਮੇਸ਼ੁਰ ਤੋਂ ਆਈਆਂ ਹਨ (ਵੇਖੋ ਉਪਦੇਸ਼ਕ ਦੀ ਪੋਥੀ 12:7; ਜ਼ਕਰਯਾਹ 12:1)।

ਆਦਮ ਨੂੰ ਅਜ਼ਾਦ ਮਰਜ਼ੀ ਪੈਦਾ ਕੀਤਾ ਗਿਆ ਸੀ; ਉਹ ਪਰਮੇਸ਼ੁਰ ਦੀ ਗਿਆਕਾਰੀ ਜਾਂ ਅਣਆਗਿਆਕਾਰੀ ਕਰ ਸਕਦਾ ਸੀ। ਸਾਡੇ ਵਿੱਚ ਵੀ ਪਰਮੇਸ਼ੁਰ ਦੇ ਦੁਆਰਾਦਿੱਤੀ ਹੋਈ ਆਗਿਆਕਾਰੀ ਕਰਨ ਜਾਂ ਨਾ ਕਰਨ ਦੀ ਸਮੱਰਥਾ ਹੈ (ਵੇਖੋ ਬਿਵਸਥਾ ਸਾਰ 30:15-20)।

ਆਦਮ ਪਰਮੇਸ਼ੁਰ ਦੇ ਸਰੂਪ ਤੇ ਬਣਾਈ ਗਈ ਜਿਉਂਦੀ ਆਤਮਾ ਸੀ, ਪਰ ਉਸ ਦੇ ਕੋਲ ਇੱਕ ਮਨੁੱਖੀ ਸਰੀਰ ਵੀ ਸੀ। ਇੱਕ ਤਰੀਕਾ ਜਿਸਦੇ ਦੁਆਰਾ ਆਦਮ ਅਤੇ

ਹੱਵਾਹ ਪਰਤਾਏ ਗਏ ਉਹ ਉਨ੍ਹਾਂ ਦੀ ਸਰੀਰਕ ਲਾਲਸਾ ਸੀ (ਉਤਪਤ 3:6)। ਹਰੇਕ ਜ਼ਿੰਮੇਵਾਰ ਵਿਅਕਤੀ ਆਤਮਾ ਅਤੇ ਸਰੀਰ ਦੇ ਵਿਚਕਾਰ ਤਨਾਅ ਦੇ ਅਨੁਭਵ ਕਰਦਾ ਹੈ (ਮੱਤੀ 26:41; ਵੇਖੋ ਰੋਮੀਆਂ 7:18, 19; 1 ਯੂਹੰਨਾ 2:16)।

ਇੱਥੋਂ ਤੱਕ ਕਿ ਸਵਰਗ (ਅਦਨ ਦੇ ਬਾਗ ਵਿੱਚ), ਪਰਤਾਵੇ ਮੌਜੂਦ ਸਨ। ਪਾਪ ਦੇ ਬੀਮਾਰ ਇੱਕ ਸੰਸਾਰ ਵਿੱਚ, ਅਸੀਂ ਨਿਰੰਤਰ ਪਰਤਾਵਿਆਂ ਦੇ ਨਾਲ ਯੁੱਧ ਕਰ ਰਹੇ ਹਾਂ (ਵੇਖੋ ਇਬਰਾਨੀਆਂ 2:18; 4:15)।

ਇੱਕ ਮਨੁੱਖ ਜਿਸਨੂੰ ਚੋਣ ਕਰਨ ਅਜ਼ਾਦੀ ਹੈ ਉਹ ਹਮੇਸ਼ਾ ਸਹੀ ਚੋਣ ਨਹੀਂ ਕਰੇਗਾ। ਜਦੋਂ ਕਿਸੇ ਦੀ ਪਰੀਖਿਆ ਹੁੰਦੀ ਹੈ ਅਤੇ ਉਹ ਗਲਤ ਚੋਣ ਕਰਦਾ ਹੈ, ਉਹ ਪਾਪ ਹੈ। ਆਦਮ ਨੇ ਇੱਕ ਗਲਤ ਚੋਣ ਕੀਤੀ ਸੀ—ਅਤੇ ਅਸੀਂ ਵੀ ਉਹੀ ਕਰਦੇ ਹਾਂ (3:23)।

ਅਜ਼ਾਦ ਮਰਜ਼ੀ ਦੇ ਇੱਕ ਕੰਮ ਦੇ ਦੁਆਰਾ ਆਦਮ ਨੇ ਪਰਮੇਸ਼ੁਰ ਦੀ ਅਣਆਗਿਆਕਾਰੀ ਕੀਤੀ। ਉਹ ਦੋਸ਼ੀ ਠਹਿਰਿਆ ਕਿਉਂਕਿ ਉਸਨੇ ਪਾਪ ਕੀਤਾ ਸੀ। ਉਸੇ ਤਰ੍ਹਾਂ, ਅਸੀਂ ਅਜ਼ਾਦ ਨੈਤਿਕ ਵਿਅਕਤੀ ਹਾਂ ਅਤੇ ਆਪਣੇ ਪਾਪਾਂ ਦੇ ਲਈ ਜ਼ਿੰਮੇਵਾਰ ਹਾਂ, ਨਾ ਕਿ ਦੂਜਿਆਂ ਦੇ ਪਾਪਾਂ ਦੇ ਲਈ।

ਆਤਮਿਕ ਤੌਰ ਤੇ, ਸਾਡੇ ਵਿੱਚੋਂ ਹਰ ਇੱਕ ਨੇ ਆਦਮ ਦੇ ਸਮਾਨ ਇੱਕ ਸਮਾਨ ਬੁਨਿਆਦੀ ਸਥਾਨ ਤੋਂ ਜੀਵਨ ਸ਼ੁਰੂ ਕੀਤਾ ਹੈ। ਉਹ ਮਨੁੱਖ ਸੀ, ਜਿਵੇਂ ਅਸੀਂ ਹਾਂ। ਉਹ ਭੁੱਲਣ ਹਾਰ ਸੀ, ਅਤੇ ਅਸੀਂ ਵੀ ਭੁੱਲਣਹਾਰ ਹਾਂ। ਕਦੀ ਨਾ ਕਦੀ, ਸਾਡੇ ਵਿੱਚੋਂ ਹਰ ਕੋਈ ਉਹੀ ਬੁਨਿਆਦੀ ਗਲਤੀ ਕਰਦਾ ਹੈ ਜਿਵੇਂ ਉਸ ਨੇ ਕੀਤੀ ਸੀ: ਅਸੀਂ ਪਰਮੇਸ਼ੁਰ ਦੀ ਅਣਆਗਿਆਕਾਰੀ ਕਰਦੇ ਹਾਂ। ਜਦੋਂ ਅਸੀਂ ਕੁੱਝ ਕਰਦੇ ਹਾਂ, ਤਾਂ ਅਸੀਂ ਜੋ ਕੀਤਾ ਹੈ ਉਸ ਦੇ ਲਈ ਜ਼ਿੰਮੇਵਾਰ ਠਹਿਰਦੇ ਹਾਂ, ਨਾ ਕਿ ਉਸ ਦੇ ਲਈ ਜੋ ਅਸੀਂ ਨਹੀਂ ਕੀਤਾ ਸੀ। ਡੀਸਨ ਨੇ ਇਸਨੂੰ ਇਸ ਤਰੀਕੇ ਦੇ ਨਾਲ ਰੱਖਿਆ: "ਪਾਪੀ ਸਮਾਜਾਂ ਦੇ ਦੁਆਰਾ ਪਾਪੀ ਬਣਾਏ ਜਾਂਦੇ ਹਨ, ਨਾ ਕਿ ਜੀਨ ਦੇ ਦੁਆਰਾ! ਲੋਕ ਚੋਣ ਅਤੇ ਅਭਿਆਸ ਦੇ ਦੁਆਰਾ ਪਾਪੀ ਠਹਿਰਾਏ ਜਾਂਦੇ ਹਨ।"[78] ਮੈਂ ਦੁਬਾਰਾ, ਜ਼ੋਰ ਦਿੰਦਾ ਹਾਂ ਕਿ ਅਸੀਂ ਆਦਮ ਦੇ ਪਾਪ ਦਾ ਦੋਸ਼ ਵਿਰਸੇ ਵਿੱਚ ਪ੍ਰਾਪਤ ਕੀਤਾ ਹੈ।

2. ਇਹ ਹਵਾਲਾ ਸਰਵ-ਮੁਕਤੀ ਦੇ ਬਾਰੇ ਸਿੱਖਿਆ *ਨਹੀਂ* ਦਿੰਦਾ ਹੈ। ਰੋਮੀਆਂ 5:12-21 ਹਵਾਲੇ ਨੂੰ ਉਨ੍ਹਾਂ ਲੋਕਾਂ ਦੇ ਲਈ ਇੱਕ ਸਬੂਤ ਦੇ ਤੌਰ ਤੇ ਵੀ ਵਰਤਿਆ ਗਿਆ ਜੋ ਇਹ ਵਿਸ਼ਵਾਸ ਕਰਦੇ ਹਨ ਕਿ *ਹਰ ਕੋਈ* ਬਚ ਜਾਵੇਗਾ। ਉਨ੍ਹਾਂ ਦੀ ਸਥਿਤੀ ਨੂੰ ਕਈ ਵਾਰ "ਸਰਵ-ਮੁਕਤੀ ਦਾ ਸਿਧਾਂਤ" ਕਿਹਾ ਜਾਂਦਾ ਹੈ।

ਇਹ ਤਰਕ ਆਇਤ 18 ਤੇ ਕੇਂਦ੍ਰਿਤ ਹੈ: "ਉਪਰੰਤ ਜਿਵੇਂ ਇੱਕ ਅਪਰਾਧ [ਬਾਗ ਵਿੱਚ ਆਦਮ ਦਾ ਪਾਪ] ਦੇ ਕਾਰਨ ਸਭਨਾਂ ਮਨੁੱਖਾਂ ਉੱਤੇ ਦੋਸ਼ ਲੱਗਾ ਤਿਵੇਂ ਹੀ ਧਰਮ ਦੇ ਇੱਕ ਕੰਮ [ਸਲੀਬ ਉੱਤੇ ਮਸੀਹ ਦੀ ਮੌਤ] ਦੇ ਕਾਰਨ ਸਭਨਾਂ ਮਨੁੱਖਾਂ ਲਈ ਮਾਫ਼ੀ ਅਤੇ ਜੀਵਨ ਮਿਲਿਆ।" ਵਿਸ਼ਵਾਸ ਇਹ ਹੈ ਕਿ ਆਦਮ ਦੇ ਪਾਪ ਨੇ ਹਰ ਕਿਸੇ ਨੂੰ ਦੋਸ਼ੀ ਠਹਿਰਾਇਆ, ਪਰ ਮਸੀਹ ਦੀ ਮੌਤ ਨੇ ਆਦਮ ਦੇ ਪਾਪ ਪ੍ਰਭਾਵਾਂ ਨੂੰ ਉਲਟ ਕਰ ਦਿੱਤਾ ਤਾਂ ਕਿ ਹਰ ਕੋਈ ਬਚਾਇਆ ਜਾਵੇ। ਫਿਰ, ਇੱਕ ਅਸਪੱਸ਼ਟ ਹਵਾਲੇ ਲਈ ਸਾਡੇ ਕੋਲ ਮਹੱਤਵਪੂਰਣ ਡਾਕਟ੍ਰੀਨਲ ਸਥਿਤੀ ਤੇ ਅਧਾਰਤ ਇੱਕ ਉਦਾਹਰਣ ਹੈ। ਪਵਿੱਤਰ ਬਾਈਬਲ ਦੇ ਹਵਾਲਿਆਂ ਦੀ ਵਿਆਖਿਆ ਕਰਨ ਅਤੇ ਲਾਗੂ ਕਰਨ ਵਿੱਚ ਇੱਕ ਵੱਡੀ ਗਲਤੀ।

ਪਵਿੱਤਰ ਬਾਈਬਲ ਸਪੱਸ਼ਟ ਤੌਰ ਤੇ ਸਿਖਾਉਂਦੀ ਹੈ ਕਿ ਹਰ ਕੋਈ ਨਹੀਂ ਬਚਾਇਆ

ਨਹੀਂ ਜਾਵੇਗਾ। ਕਈਆਂ ਅੰਸ਼ਾਂ ਦਾ ਹਵਾਲਾ ਦਿੱਤਾ ਜਾ ਸਕਦਾ ਹੈ (ਵੇਖੋ ਮੱਤੀ 25:34, 41, 46), ਪਰ ਰੋਮੀਆਂ ਵਿੱਚ ਸਾਨੂੰ ਪੌਲੁਸ ਦੇ ਆਪਣੇ ਬਿਆਨ ਤੋਂ ਵੱਧ ਕੇ ਹੋਰ ਅਗਾਂਹ ਵੇਖਣ ਦੀ ਲੋੜ ਨਹੀਂ ਹੈ। ਅਧਿਆਇ 2 ਵਿੱਚ ਉਸ ਨੇ "ਪਰਮੇਸ਼ੁਰ ਦਾ ਕ੍ਰੋਧ ਦੇ ਦਿਨ ਅਤੇ ਪਰਮੇਸ਼ੁਰ ਦਾ ਸੱਚਾ ਨਿਆਉਂ ਪਰਗਟ ਹੋਣ" ਦੇ ਬਾਰੇ ਬੋਲਿਆ ਹੈ (5:5), ਇਹ ਕਹਿੰਦੇ ਹੋਏ ਕਿ "ਪਰ ਜਿਹੜੇ ਆਕੀ ਹਨ ਅਰ ਸਤ ਨੂੰ ਨਹੀਂ ਮੰਨਦੇ ਸਗੋਂ ਕੁਧਰਮ ਨੂੰ ਮੰਨਦੇ ਹਨ ਉਨ੍ਹਾਂ ਉੱਤੇ "ਗੁੱਸਾ ਅਤੇ ਕ੍ਰੋਧ ਹੋਵੇਗਾ" (5:8)। ਅਧਿਆਇ 12 ਵਿੱਚ, ਉਹ ਦੁਬਾਰਾ "ਪਰਮੇਸ਼ੁਰ ਦੇ ਕ੍ਰੋਧ" ਅਤੇ ਪੁਰਾਣੇ ਨੇਮ ਤੋਂ ਹਵਾਲਾ ਲਿਆ ਹੈ: "ਬਦਲਾ ਲੈਣਾ ਮੇਰਾ ਕੰਮ ਹੈ, 'ਮੈਂ ਹੀ ਵੱਟਾ ਲਾਹਵਾਂਗਾ'" (12:19)।

ਕੁੱਝ ਲੋਕ ਸਾਡੀ ਇਸ ਲਿਖਤ ਵਿੱਚੋਂ "ਬਹੁਤ" ਅਤੇ "ਸਾਰੇ ਜਾਂ ਸਭਨਾਂ" ਵਰਗੇ ਸ਼ਬਦਾਂ ਨੂੰ ਫੜ ਲੈਂਦੇ ਹਨ ਅਤੇ ਇਹ ਨਿਚੋੜ ਕੱਢਦੇ ਹਨ ਕਿ ਭਾਵੇਂ ਹਵਾਲਾ ਸਰਵ-ਮੁਕਤੀ ਦੇ ਬਾਰੇ ਨਹੀਂ ਸਿਖਾਉਂਦਾ, ਤਾਂ ਵੀ ਇਹ ਜ਼ਰੂਰ ਸਿਖਾਉਂਦਾ ਹੈ ਕਿ ਨਾਸ਼ ਹੋਣ ਵਾਲਿਆਂ ਤੋਂ ਵੱਧ ਕੇ ਬਚਾਏ ਜਾਣ ਵਾਲੇ ਹੋਣਗੇ। ਅਸੀਂ ਸਾਰੇ ਚਾਹੁੰਦੇ ਹਾਂ ਕਿ ਇੰਝ ਹੀ ਹੋਵੇ-ਪਰ ਸਾਨੂੰ ਯਿਸੂ ਦੀ ਸਧਾਰਣ ਸਿੱਖਿਆ ਨੂੰ ਸਵੀਕਾਰ ਕਰਨਾ ਚਾਹੀਦਾ ਹੈ ਕਿ ਬਚਾਏ ਜਾਣ ਵਾਲਿਆਂ ਨਾਲੋਂ ਨਾਸ਼ ਹੋਣ ਵਾਲੇ ਬਹੁਤੇ ਹੋਣਗੇ (ਮੱਤੀ 7:13, 14)।

*ਹਵਾਲਾ ਕੀ ਸਿਖਾਉਂਦਾ ਹੈ।*

ਇੱਕ ਸਵਾਲ ਤੇ ਵਿਚਾਰ। ਅਸੀਂ ਇਸ ਗੱਲ ਤੇ ਜ਼ੋਰ ਦਿੱਤਾ ਹੈ ਕਿ 5:12-21 ਕੀ ਨਹੀਂ ਸਿਖਾਉਂਦਾ ਹੈ, ਪਰ ਅਸੀਂ ਅਜੇ ਇਹ ਨਿਰਧਾਰਤ ਕਰਨਾ ਹੈ ਕਿ ਇਹ ਕੀ ਸਿੱਖਿਆ *ਦਿੰਦਾ ਹੈ* । ਉਹ ਪ੍ਰਸ਼ਨ ਜੋ ਹਵਾਲੇ ਦੀ ਵਿਆਖਿਆ ਤੇ ਸਭ ਤੋਂ ਵੱਧ ਕੇ ਪ੍ਰਭਾਵ ਪਾਉਂਦਾ ਹੈ ਉਹ ਇਹ ਹੈ ਕਿ ਕੀ ਆਇਤ 12 ਦੀ ਮੌਤ ਸਰੀਰਕ ਮੌਤ ਹੈ, ਆਤਮਿਕ ਮੌਤ ਹੈ, ਜਾਂ ਦੋਵਾਂ ਦਾ ਇੱਕ ਸੁਮੇਲ ਹੈ। ਇਸ ਪ੍ਰਸ਼ਨ ਦਾ ਕੋਈ ਸੌਖਾ ਉੱਤਰ ਨਹੀਂ ਹੈ।

ਇਸ ਆਇਤ 12 ਨੂੰ ਇਸ ਤਰ੍ਹਾਂ ਪੜ੍ਹਿਆ ਜਾਂਦਾ ਹੈ: "ਇਸ ਲਈ ਜਿਵੇਂ ਇੱਕ ਮਨੁੱਖ ਤੋਂ ਪਾਪ ਸੰਸਾਰ ਵਿੱਚ ਆਇਆ ਅਤੇ ਪਾਪ ਤੋਂ *ਮੌਤ* ਆਈ ਅਤੇ ਇਸੇ ਤਰਾਂ *ਮੌਤ* ਸਭਨਾਂ ਮਨੁੱਖਾਂ ਵਿੱਚ ਫੈਲਰ ਗਈ ਏਸ ਲਈ ਜੋ ਸਭਨਾਂ ਨੇ ਪਾਪ ਕੀਤਾ" (ਜ਼ੋਰ ਦਿੱਤਾ ਗਿਆ ਹੈ)। ਮੈਂ ਉਨ੍ਹਾਂ ਲੋਕਾਂ ਸੋਚ ਦਾ ਅਧਿਐਨ ਕੀਤਾ ਹੈ ਜੋ ਕਹਿੰਦੇ ਹਨ, ਬੇਸ਼ੱਕ, "ਮੌਤ" ਇਸ ਪ੍ਰਸੰਗ ਵਿੱਚ ਸਰੀਰਕ *ਮੌਤ* ਦਾ ਹਵਾਲਾ ਦਿੰਦੀ ਹੈ। ਆਓ ਅਸੀਂ ਉਸ ਸਥਿਤੀ ਦੀਆਂ ਕੁੱਝ ਦ੍ਰਿੜਤਾਵਾਂ ਤੇ ਵਿਚਾਰ ਕਰੀਏ।

ਆਇਤ 12 ਦਾ ਪਹਿਲਾ ਹਿੱਸਾ ਉਤਪਤ 2 ਅਤੇ 3 ਵਿਚਲੀ ਆਦਮ ਦੇ ਪਾਪ ਦੀ ਕਹਾਣੀ ਤੇ ਅਧਾਰਤ ਹੈ, ਜਿੱਥੇ ਪਰਮੇਸ਼ੁਰ ਕਹਿੰਦਾ ਹੈ, "ਤੂੰ ਜ਼ਰੂਰ ਮਰੇਂਗਾ" (2:17; ਵੇਖੋ 3:3)। ਸਾਡੇ ਕੋਲ ਪਾਪ ਦੇ ਪ੍ਰਭਾਵ ਦੇ ਵਿਸ਼ੇ ਤੇ ਬਾਈਬਲ ਦੀਆਂ ਸਿੱਖਿਆਵਾਂ ਲਈ ਚਾਰ ਹਜ਼ਾਰ ਸਾਲਾਂ ਤੋਂ ਵੀ ਵੱਧ ਸਮਾਂ ਹੈ, ਤਾਂ ਕਿ ਅਸੀਂ ਸਮਝ ਸਕੀਏ ਕਿ ਆਦਮ ਦੇ ਪਾਪ ਦਾ ਪਰਿਣਾਮ ਸਰੀਰਕ ਅਤੇ ਆਤਮਿਕ ਦੋਵੇਂ ਪ੍ਰਕਾਰ ਦੀ ਮੌਤ ਬਣੀ। ਜਦਕਿ, ਆਦਮ ਸਮਝ ਗਿਆ ਹੋਵੇਗਾ ਕਿ ਇਨ੍ਹਾਂ ਸ਼ਬਦਾਂ ਦਾ ਅਰਥ *ਸਰੀਰਕ* ਮੌਤ ਹੈ। ਕਿਉਂਕਿ ਉਸ ਨੇ ਮਨ੍ਹਾ ਕੀਤੇ ਹੋਇਆ ਫਲ ਖਾ ਲਿਆ ਹੈ, ਇਸ ਲਈ ਉਹ ਜੀਵਨ ਦੇ ਰੁੱਖ ਵਿੱਚ ਹਿੱਸਾ ਨਹੀਂ ਲੈ ਸਕਦਾ ਹੈ (2:9; 3:24)। ਉਸ ਦਾ ਸਰੀਰ ਖਰਾਬ ਹੋਣ ਲੱਗ ਪਿਆ, ਜਿਵੇਂ ਸਾਡਾ ਸਰੀਰ ਖਰਾਬ ਹੁੰਦਾ ਹੈ।[79]

ਪੌਲੁਸ ਨੇ ਇੱਕ ਪਹਿਲੀ ਪੱਤ੍ਰੀ ਵਿੱਚ ਆਦਮ/ਮਸੀਹ ਦੀ ਤੁਲਨਾ ਨੂੰ ਇਸਤੇਮਾਲ ਕੀਤਾ (ਵੇਖੋ 1ਕੁਰਿੰਥੀਆਂ 15:21, 22, 45-49)। ਰੋਮੀਆਂ 5:12-21 ਦਾ ਵਿਚਾਰ 1 ਕੁਰਿੰਥੀਆਂ

15:22 ਦੀ ਗੂੰਜ ਲੱਗਦਾ ਹੈ: "ਜਿਸ ਤਰਾਂ ਆਦਮ ਵਿੱਚ ਸੱਭੇ ਮਰਦੇ ਹਨ ਉਸੇ ਤਰਾਂ ਮਸੀਹ ਵਿੱਚ ਸੱਭੇ ਜੁਆਏ ਜਾਣਗੇ।" 1 ਕੁਰਿੰਥੀਆਂ 15 ਵਿੱਚ ਪ੍ਰਮੁੱਖ ਤੌਰ ਤੇ *ਸਰੀਰ* ਦੇ ਪੁਨਰ-ਉੱਥਾਨ ਤੇ ਜ਼ੋਰ ਦਿੱਤਾ ਗਿਆ ਹੈ, ਇਸ ਲਈ ਇਹ ਕਹਿਣਾ ਉਚਿਤ ਹੈ ਕਿ *ਸਰੀਰ* ਉੱਤੇ ਪਾਪ ਦਾ ਪ੍ਰਭਾਵ ਸਾਡੇ ਪਾਠ ਵਿੱਚ ਵੀ ਉਸੇ ਤਰ੍ਹਾਂ ਹੀ ਪ੍ਰਮੁੱਖ ਵਿਚਾਰ ਹੈ ਜਿਵੇਂ ਰੋਮੀਆਂ 5 ਵਿੱਚ ਹੈ।

ਇਹ ਵਚਨ ਸਾਫ ਤੌਰ ਤੇ ਸਿਖਾਉਂਦਾ ਹੈ ਕਿ ਇੱਕ ਆਦਮੀ ਦੇ ਪਾਪ ਨੇ ਸਾਰੀ ਮਨੁੱਖ ਜਾਤੀ ਤੇ ਪ੍ਰਭਾਵ ਪਾਇਆ। ਜੇਕਰ ਅਸੀਂ ਕੈਲਵਿਨਵਾਦੀ ਸਿੱਟਿਆਂ ਨੂੰ ਛੱਡ ਦੇਈਏ, ਤਾਂ ਆਦਮ ਦੇ ਪਾਪ ਨੇ ਸਾਰੀ ਮਨੁੱਖਤਾ ਨੂੰ ਕਿਵੇਂ ਪ੍ਰਭਾਵਿਤ ਕੀਤਾ, ਇੱਥੋਂ ਤੱਕ ਕਿ ਉਨ੍ਹਾਂ ਬੱਚਿਆਂ ਨੂੰ ਵੀ ਜੋ ਪਾਪ ਨਹੀਂ ਕਰਦੇ? ਉਸ ਦੇ ਪਾਪ ਦੇ ਨਤੀਜੇ ਵਜੋਂ, ਅਸੀਂ ਸਾਰੇ *ਸਰੀਰਕ ਤੌਰ ਤੇ* ਮਰਦੇ ਹਾਂ।

ਮੈਂ ਉਨ੍ਹਾਂ ਲੋਕਾਂ ਦੇ ਤਰਕਾਂ ਤੇ ਵੀ ਵਿਚਾਰ ਕੀਤਾ ਜੋ ਕਹਿੰਦੇ ਹਨ ਕਿ, ਬੇਸ਼ੱਕ ਹਵਾਲੇ ਵਿੱਚ "ਮੌਤ" *ਆਤਮਿਕ* ਮੌਤ ਨੂੰ ਦਰਸਾਉਂਦੀ ਹੈ। ਇਸ ਵਿਆਖਿਆ ਦੀਆਂ ਦੋ ਤਾਕਤਾਂ ਹਨ:

1. ਇਹ ਹਵਾਲਾ "ਇਸ ਲਈ" ਦੇ ਨਾਲ ਸ਼ੁਰੂ ਹੁੰਦਾ ਹੈ ਜੋ ਇਸਨੂੰ ਪੌਲੁਸ ਦੁਆਰਾ ਪਹਿਲਾਂ ਬੋਲੇ ਗਏ ਸ਼ਬਦਾਂ ਦੇ ਨਾਲ ਜੋੜਦਾ ਹੈ। ਸਰੀਰਕ ਗੱਲਾਂ ਦੀ ਬਜਾਇ ਆਤਮਿਕ ਗੱਲਾਂ ਪਹਿਲੇ ਪ੍ਰਸੰਗ ਵਿੱਚ ਬੇਹਤਰ ਫਿਟ ਹੁੰਦੀਆਂ ਹਨ।

2. "ਸਭਨਾਂ ਨੇ ਪਾਪ ਕੀਤਾ" (5:12) ਇਹ ਸਥਿਤੀ ਅਨੁਮਤਿ ਦਿੰਦੀ ਹੈ ਕਿ ਇਸਦਾ ਅਰਥ ਉਹੀ ਹੋਵੇ ਜੋ 3:23 ਵਿੱਚ ਸੀ ਅਤੇ "ਧਰਮੀ ਠਹਿਰਾਏ ਜਾਣਾ" (5:18) ਵਰਗੇ ਸ਼ਬਦ ਉਸੇ ਤਰ੍ਹਾਂ ਵਰਤੇ ਜਾਣ ਜਿਵੇਂ ਉਹ ਪਿਛਲੇ ਸਵਾ ਚਾਰ ਅਧਿਆਇਆਂ ਵਿੱਚ ਵਰਤੇ ਗਏ ਹਨ (ਰੋਮੀਆਂ ਨੂੰ ਆਪਣੀ ਪੱਤ੍ਰੀ ਵਿੱਚ, ਪੌਲੁਸ ਨੇ ਕੁੱਝ ਮੁੱਖ ਸ਼ਬਦ ਵਰਤੇ ਹਨ ਜਿਨ੍ਹਾਂ ਦੇ ਵੱਖ ਵੱਖ ਪ੍ਰਸੰਗਾਂ ਵਿੱਚ ਵੱਖ-ਵੱਖ ਅਰਥ ਹਨ; ਪਰ, ਨਿਯਮ ਦੇ ਮੁਤਾਬਿਕ, ਸਭ ਤੋਂ ਆਮ ਅਰਥ ਨੂੰ ਤਰਜੀਹ ਦੇਣੀ ਚਾਹੀਦੀ ਹੈ)।

ਮੈਂ ਉਨ੍ਹਾਂ ਟਿੱਪਣੀਆਂ ਨੂੰ ਪੜ੍ਹਿਆ ਹੈ ਜੋ ਇਸ ਗੱਲ ਤੇ ਜ਼ੋਰ ਦਿੰਦੇ ਹਨ ਕਿ ਸਰੀਰਕ ਅਤੇ ਆਤਮਿਕ ਮੌਤ ਵਿੱਚ ਚੋਣ ਕਰਨਾ ਇੱਕ ਗਲਤੀ ਹੈ, ਕਿ ਪੌਲੁਸ ਦੇ ਮਨ ਵਿੱਚ ਆਦਮ ਦੇ ਪਾਪ ਦੀ ਹਰ ਇੱਕ ਸਜ਼ਾ ਅਤੇ ਨਤੀਜਾ ਸੀ। ਡੰਨ ਨੇ ਲਿਖਿਆ, "ਜਿਵੇਂ ਜ਼ਿਆਦਾਤਰ ਯਹੂਦੀ ਵਿਚਾਰਾਂ ਨੂੰ ਪਰੇ ਕਰਦੇ ਹੋਏ . . . , 'ਆਤਮਿਕ' ਅਤੇ 'ਸਰੀਰਕ' ਮੌਤ ਵਿੱਚ ਫਰਕ ਦਾ ਕੋਈ ਸੰਕੇਤ ਵਿਖਾਈ ਨਹੀਂ ਦਿੰਦਾ . . . ਉਹ ਸਿਰਜਣਹਾਰ ਤੋਂ ਸਿਰਜਣਾ ਦੇ ਸੰਪੂਰਨ ਅਲਗਾਵ ਨੂੰ ਦਰਸਾਉਂਦੇ ਹਨ।"[80] ਮੌਰਿਸ ਨੇ ਕਿਹਾ, "ਸ਼ਾਇਦ ਦੋਵਾਂ ਹਵਾਲਿਆਂ [5:17, 21] ਨੂੰ ਸਮਝ ਸਕਣ ਦਾ ਸਭ ਤੋਂ ਵਧੀਆ ਤਰੀਕਾ ਦੋਵਾਂ ਕਿਸਮਾਂ ਦੀ ਮੌਤ ਦੇ ਹਵਾਲਿਆਂ ਤੇ ਧਿਆਨ ਦੇਣਾ ਹੈ। ਦਿਮਾਗ ਵਿੱਚ ਸਰੀਰਕ ਮੌਤ, ਪਰ ਆਪਣੇ ਆਪ ਵਿੱਚ ਸਰੀਰਕ ਮੌਤ ਨਹੀਂ ਹੈ; ਇਹ ਸਰੀਰਕ ਮੌਤ ਆਤਮਿਕ ਮੌਤ ਦਾ ਚਿੰਨ੍ਹ ਅਤੇ ਪ੍ਰਤੀਕ ਹੈ।"[81]

ਰੌਜਰਸ ਨੇ ਦੱਸਿਆ ਹੈ ਕਿ ਜਦੋਂ ਪੱਤ੍ਰੀ ਰੋਮ ਨੂੰ ਭੇਜੀ ਜਾਂਦੀ ਸੀ, ਤਾਂ ਕੋਈ ਵਿਅਕਤੀ ਇਸ ਪੱਤ੍ਰੀ ਨੂੰ ਅਸਲੀ ਪ੍ਰਾਪਤਕਰਤਾਵਾਂ ਨੂੰ *ਪੜ੍ਹ ਕੇ* ਸੁਣਾਉਂਦਾ ਹੁੰਦਾ ਸੀ।[82] ਕਿਉਂਕਿ 5:12-21 ਨੂੰ ਕੁੱਝ ਹੀ ਮਿੰਟਾਂ ਵਿੱਚ ਜ਼ੋਰ ਨਾਲ ਪੜ੍ਹਿਆ ਜਾ ਸਕਦਾ ਹੈ, ਸਾਰੇ ਸੁਣਨ ਵਾਲਿਆਂ ਨੇ ਹਵਾਲੇ ਦੇ ਪ੍ਰਾਥਮਿਕ ਬਲ ਨੂੰ ਯਾਦ ਰੱਖਿਆ ਹੋਵੇਗਾ: ਮਸੀਹ ਨੇ ਉਨ੍ਹਾਂ ਸਾਰੀਆਂ ਸਮੱਸਿਆਵਾਂ ਦਾ ਹੱਲ ਕਰ ਦਿੱਤਾ ਜਿਨ੍ਹਾਂ ਤੋਂ ਆਦਮ ਨੇ ਮਨੁੱਖ ਨੂੰ ਜਾਤੀ ਨੂੰ ਜਾਣੂ ਕਰਵਾਇਆ ਸੀ—ਅਤੇ ਹੋਰਨਾਂ ਸਮੱਸਿਆਵਾਂ ਤੋਂ ਵੀ। ਐਡਵਰਡਜ਼ ਨੇ ਉਸੇ ਤਰ੍ਹਾਂ ਦਾ ਇੱਕ ਵਿਚਾਰ ਪੇਸ਼ ਕੀਤਾ। ਉਸ ਨੇ ਕਿਹਾ ਕਿ "ਪ੍ਰਕਾਰ ਜਾਂ (ਕਿਸਮ)" ਦੀ ਤਾਕਤ ਪੂਰੀ ਤਸਵੀਰ ਵਿੱਚ ਹੈ, ਨਾ ਸਿਰਫ ਵੇਰਵੇ

ਵਿੱਚ। ਉਸ ਨੇ ਸੁਝਾਅ ਦਿੱਤਾ ਕਿ ਵੇਰਵੇ ਤੇ ਜ਼ੋਰ ਦੇਣਾ ਪ੍ਰਕਾਰ/ਵਿਰੋਧੀ-ਪ੍ਰਕਾਰ ਦੇ ਰੂਪਕ ਨੂੰ ਛੱਡ ਦੇਣਾ ਹੈ।[83]

ਮੈਂ ਆਇਤ 12 ਵਿੱਚ "ਮੌਤ" ਦੀਆਂ ਸਾਰੀਆਂ ਸਥਿਤੀਆਂ ਤੋਂ ਪ੍ਰਭਾਵਿਤ ਕੀਤਾ ਗਿਆ ਹਾਂ। ਜਦੋਂ ਤੱਕ ਉਹ ਲੋਕ ਜੋ ਇਨ੍ਹਾਂ ਵਿਚਾਰਾਂ ਨੂੰ ਫੜੀ ਰੱਖਦੇ ਹਨ ਉਹ ਵਿਚਾਰ ਨਹੀਂ ਸਿਖਾਉਂਦੇ ਜੋ ਪਵਿੱਤਰ ਸ਼ਾਸਤਰ ਵਿਚਲੇ ਸਧਾਰਨ ਹਵਾਲਿਆਂ ਨੂੰ ਖਰਾਬ ਕਰਦੇ ਹਨ, ਮੈਂ ਯਕੀਨੀ ਤੌਰ ਤੇ ਇਹ ਨਹੀਂ ਕਹਿ ਸਕਦਾ ਕਿ ਉਨ੍ਹਾਂ ਵਿੱਚੋਂ ਕੋਈ ਵੀ ਗਲਤ ਹੈ। ਬਲ ਅਤੇ ਕਮਜ਼ੋਰੀਆਂ ਹਰ ਪਹੁੰਚ ਵਿੱਚ ਵੇਖੇ ਜਾ ਸਕਦੇ ਹਨ। ਭਾਵੇਂ ਕੋਈ ਵਿਅਕਤੀ ਕਿਸੇ ਵੀ ਸਿੱਟੇ ਤੇ ਪਹੁੰਚੇ, ਕੁਝ ਮੁਸ਼ਕਲਾਂ ਹਨ ਜਿਨ੍ਹਾਂ ਤੇ ਜਿੱਤ ਪਾਉਣੀ ਪੈਂਦੀ ਹੈ।

ਲਿਖਤ ਦੀ ਜਾਂਚ। ਸ਼ਾਇਦ ਪੌਲੁਸ ਨੇ ਸੋਚਿਆ ਸੀ ਕਿ ਉਸ ਦਾ ਤਰਕ ਸਿੱਧਾ ਸੀ: ਜੋ ਅਸੀਂ ਆਦਮ ਵਿੱਚ ਗੁਆਇਆ ਸੀ, ਮਸੀਹ ਵਿੱਚ ਅਸੀਂ ਉਸ ਤੋਂ ਕਿਤੇ ਵੱਧ ਕੇ ਪ੍ਰਾਪਤ ਕੀਤਾ ਸੀ। ਇਹ ਮਹੱਤਵਪੂਰਣ ਵਿਚਾਰ ਹੈ, ਇੱਥੋਂ ਤੱਕ ਕਿ ਇੱਕ ਡੂੰਘਾ ਵਿਚਾਰ ਹੈ, ਪਰ ਫਿਰ ਵੀ ਸਿੱਧਾ ਹੈ। ਬੇਸ਼ੱਕ ਉਹ ਹੈਰਾਨ ਹੋ ਗਿਆ ਹੋਵੇਗਾ ਜਦੋਂ ਨਿਰੀਖਣ ਦੇ ਸਮੇਂ ਉਸ ਦੇ ਸ਼ਬਦਾਂ ਨੂੰ ਸਵੀਕਾਰ ਕਰ ਲਿਆ ਗਿਆ ਸੀ। ਫਿਰ ਵੀ, ਸਾਨੂੰ ਪਾਠ ਦਾ ਮੁਆਇਨਾ ਕਰਨਾ ਚਾਹੀਦਾ ਹੈ। ਅਸੀਂ ਪੇਜ਼ਾਂ 73-87 ਤੇ ਅਜਿਹਾ ਕਰਨ ਦਾ ਪੂਰਾ ਯਤਨ ਕੀਤਾ ਹੈ।

*ਨਿਚੋੜ।* ਜਦੋਂ ਇੱਕ ਵਰਗ ਆਦਮ ਦੇ ਪਾਪ ਦੇ ਪ੍ਰਭਾਵ ਦੀ ਚਰਚਾ ਕਰਦਾ ਹੈ, ਤਾਂ ਅਕਸਰ ਇਹ ਪ੍ਰਸ਼ਨ ਅਕਸਰ ਪੁੱਛਿਆ ਜਾਂਦਾ ਹੈ: "ਜੇਕਰ ਆਦਮ ਨੇ ਪਾਪ ਨਾ ਕੀਤਾ ਹੁੰਦਾ ਤਾਂ ਕੀ ਹੁੰਦਾ?" ਉਸ ਪ੍ਰਸ਼ਨ ਦਾ ਇੱਕ ਪਹਿਲੂ ਇਹ ਹੈ ਕਿ *ਆਦਮ* ਦੇ ਨਾਲ ਕੀ ਹੁੰਦਾ ਜੇਕਰ ਉਸਨੇ ਪਾਪ ਨਾ ਕੀਤਾ ਹੁੰਦਾ। ਉਹ ਦ੍ਰਿਸ਼ ਤੇ ਸਦੀਆਂ ਤੋਂ ਬਹਿਸ ਕੀਤੀ ਗਈ ਹੈ। ਇੱਕ ਮਸ਼ਹੂਰ ਵਿਚਾਰ ਇਹ ਹੈ ਕਿ ਆਦਮ ਬਿਨਾਂ ਮਰੇ ਸਵਰਗ ਵਿੱਚ ਲੈ ਜਾਇਆ ਗਿਆ ਹੁੰਦਾ, ਜਿਵੇਂ ਹਨੋਕ ਅਤੇ ਏਲੀਯਾਹ ਗਏ ਸਨ। ਜਦਕਿ, ਜ਼ਿਆਦਾਤਰ ਲੋਕ ਪ੍ਰਸ਼ਨ ਦੇ ਦੂਸਰੇ ਪਹਿਲੂ ਵਿੱਚ ਹੋਰ ਵੀ ਵੱਧ ਦਿਲਚਸਪੀ ਰੱਖਦੇ ਹਨ: "ਕੀ *ਸੰਸਾਰ* ਵਰਤਮਾਨ ਹਾਲਤ ਵਿੱਚ ਹੀ ਹੁੰਦਾ ਜੇਕਰ ਆਦਮ ਨੇ ਪਾਪ ਨਾ ਕੀਤਾ ਹੁੰਦਾ?" ਜਿਵੇਂ ਆਮ ਤੌਰ ਤੇ ਪ੍ਰਸ਼ਨ "ਜੇਕਰ" ਇਸ ਇੱਕ ਦਾ ਉੱਤਰ ਦੇਣਾ ਅਸੰਭਵ ਹੈ ਕਿਉਂਕਿ ਆਦਮ ਨੇ ਪਾਪ *ਕੀਤਾ* । ਮੈਂ ਹਮੇਸ਼ਾ ਮੰਨਿਆ ਹੈ ਕਿ, ਜੇਕਰ ਆਦਮ ਨੇ ਪਾਪ ਨਾ ਕੀਤਾ ਹੁੰਦਾ ਅਤੇ ਸੰਸਾਰ ਨੂੰ ਗੜਬੜੀ ਵਿੱਚ ਨਾ ਪਾ ਦਿੱਤਾ ਹੁੰਦਾ . . . ਅਤੇ ਨਾ ਹੀ ਉਸ ਦੇ ਬੱਚਿਆਂ ਨੇ, ਨਾ ਹੀ ਉਸ ਦੇ ਬੱਚਿਆਂ ਦੇ ਬੱਚਿਆਂ ਨੇ . . . ਅਤੇ ਅੰਤ ਵਿੱਚ ਇਹ ਮੇਰੇ ਕੋਲ ਆਇਆ, ਅਤੇ ਮੈਂ ਪਾਪ ਕਰ ਦਿੱਤਾ ਹੁੰਦਾ—ਅਤੇ, ਅੰਤ ਵਿੱਚ, ਨਤੀਜਾ ਉਹੋ ਹੀ ਹੋਣਾ ਸੀ।

ਮੇਰਾ ਮਕਸਦ ਆਦਮ ਵੱਲ ਉਂਗਲ ਕਰਕੇ ਇਹ ਕਹਿਣਾ ਨਹੀਂ ਹੈ, "ਤੁਹਾਨੂੰ ਸੰਸਾਰ ਵਿੱਚ ਪਾਪ ਅਤੇ ਹਰ ਕਿਸਮ ਦੀਆਂ ਮੁਸੀਬਤਾਂ ਲਿਆਉਣ ਦੇ ਲਈ ਸ਼ਰਮ ਆਉਣੀ ਚਾਹੀਦੀ ਹੈ।" ਸੱਚਾਈ ਇਹ ਹੈ ਕਿ ਅਸੀਂ ਸਾਰੇ ਆਦਮ ਦਿਆਂ ਨਕਸ਼ੇ ਕਦਮਾਂ ਤੇ ਚੱਲਦੇ ਹਾਂ। ਅਸਾਂ ਸਭਨਾਂ ਨੇ ਪਾਪ ਕੀਤਾ ਹੈ ਅਤੇ ਪਰਮੇਸ਼ੁਰ ਦੀ ਮਹਿਮਾ ਤੋਂ ਰਹਿ ਗਏ ਹਾਂ (3:23)। ਨਤੀਜਾ ਸਰੀਰਕ ਮੌਤ ਤੋਂ ਕਿੰਨਾ ਵੱਧ ਕੇ ਬਦਤਰ ਹੈ: ਅਸੀਂ ਆਤਮਿਕ ਤੌਰ ਤੇ ਮਰਦੇ ਹਾਂ (6:23) ਅਤੇ ਆਪਣੀਆਂ ਆਤਮਾਵਾਂ ਨੂੰ "ਇਹ ਦੂਈ ਮੌਤ ਹੈ, ਅਰਥਾਤ ਅੱਗ ਦੀ ਝੀਲ" ਦੇ ਖਤਰੇ ਵਿੱਚ ਪਾਉਂਦੇ ਹਾਂ (ਪਰਕਾਸ਼ ਦੀ ਪੋਥੀ 20:14)। ਇਹ ਸਾਨੂੰ ਸਾਡੀ ਇਕ ਮਾਤਰ ਆਸ, ਯਿਸੂ ਮਸੀਹ ਵੱਲ ਲੈ ਜਾਂਦਾ ਹੈ। "ਇੱਕ ਮਨੁੱਖ [ਆਦਮ] ਤੋਂ ਪਾਪ ਸੰਸਾਰ ਵਿੱਚ ਆਇਆ" (5:12), ਪਰ ਦੂਸਰੇ ਮਨੁੱਖ [ਯਿਸੂ] ਦੇ ਦੁਆਰਾ ਕਿਰਪਾ ਸੰਸਾਰ ਵਿੱਚ ਆਈ। ਤੁਸੀਂ ਲਗਾਤਾਰ ਆਦਮ ਦੀ

ਉਦਾਹਰਣ ਦੇ ਅਨੁਸਾਰ ਚੱਲ ਸਕਦੇ ਹੋ, ਜਾਂ ਅੱਜ ਤੁਸੀਂ ਯਿਸੂ ਦੇ ਪਿੱਛੇ ਚੱਲਣਾ ਚੁਣ ਸਕਦੇ ਹੋ। ਤੁਸੀਂ ਕੀ ਚੁਣੋਗੇ?

### ਲਿਖਤ ਪ੍ਰਤੀ ਵੱਖ-ਵੱਖ ਦ੍ਰਿਸ਼ਟੀਕੋਣ (5:12-21)

5:12-21 ਨੂੰ ਇੱਕੋ ਪਾਠ ਵਿੱਚ ਪੇਸ਼ ਕਰਨ ਦੇ ਬਹੁਤ ਸਾਰੇ ਤਰੀਕੇ ਹਨ। ਚਾਰਲਸ ਆਰ. ਸਵਿੰਡਲ ਨੇ "ਏ ਟੇਲ ਆਫ਼ ਟੂ ਮੈੱਨ" ਦੇ ਵਿਚਾਰ ਦੀ ਵਰਤੋਂ ਕੀਤੀ ਹੈ ਜਿਸ ਦੀ ਉਦਾਹਰਣ ਉਸ ਨੇ ਪ੍ਰਾਚੀਨ ਸੰਸਕਰਣ *ਏ ਟੇਲ ਆਫ਼ ਟੂ ਸਿਟੀਜ਼* ਵਿੱਚੋਂ ਲਈ ਹੈ ਜੋ ਚਾਰਲਸ ਡਿਕਨਜ਼ ਦੁਆਰਾ ਲਿਖਿਆ ਗਿਆ ਸੀ।[84] ਵਿਲੀਅਮ ਬਾਰਕਲੇਅ ਨੇ ਸਾਡੀ ਲਿਖਤ ਦੇ ਆਪਣੇ ਅਧਿਐਨ ਨੂੰ "ਬਰਬਾਦ ਕਰਨਾ ਅਤੇ ਬਚਾਉਣਾ" ਸਿਰਲੇਖ ਦਿੱਤਾ ਹੈ ਜੋ ਇਸ ਗੱਲ ਤੇ ਜ਼ੋਰ ਦੇ ਰਿਹਾ ਹੈ ਕਿ ਅਸੀਂ "ਪਾਪ ਦੇ ਰਾਹੀਂ ਬਰਬਾਦ ਕੀਤੇ ਗਏ ਸੀ" ਪਰ "ਮਸੀਹ ਦੇ ਰਾਹੀਂ ਬਚਾਏ ਗਏ ਸੀ।"[85] ਬਹੁਤ ਸਾਰੇ ਲੇਖਕਾਂ ਨੇ ਜੌਨ ਮਿਲਟਨ ਦੇ ਪ੍ਰਾਚੀਨ ਸਾਹਿਤ ਦੇ ਸਿਰਲੇਖ ਨੂੰ ਅਪਣਾਇਆ ਹੈ ਅਤੇ ਇਸ ਪਾਠ ਨੂੰ "ਸਵਰਗ ਨੂੰ ਗੁਆਉਣਾ—ਅਤੇ ਮੁੜ ਹਾਸਲ ਕਰਨਾ" ਕਹਿ ਕੇ ਬੁਲਾਇਆ। ਕਿਉਂਕਿ ਸਾਡੀ ਲਿਖਤ ਵਿੱਚ "ਰਾਜ ਕੀਤਾ" ਅਤੇ "ਰਾਜ ਕਰਨਾ" ਸ਼ਬਦ ਅਨੇਕਾਂ ਵਾਰ ਵਰਤੇ ਗਏ ਹਨ (5:14, 17, 21), ਡੀ. ਸਟੂਅਰਟ ਬ੍ਰਿਸਕੋ ਨੇ ਆਪਣੀਆਂ ਟਿੱਪਣੀਆਂ ਨੂੰ ਇਹ ਸਿਰਲੇਖ ਦਿੱਤਾ "ਚਾਰ ਸਮਰਾਟ।"[86] ਤੁਸੀਂ ਟਿੱਪਣੀਆਂ ਨੂੰ "ਅੱਤ ਵਧੀਕ" ਬੰਦ ਤੇ ਵੀ ਕੇਂਦਰਿਤ ਕਰ ਸਕਦੇ ਹੋ (5:15, 17; ਵੇਖੋ 5:20)।[87]

### ਪਰਤੱਖ ਸਚਾਈਆਂ (5:12-21)

ਰੋਮੀਆਂ 5:12-21 ਦੇ ਸਾਡੇ ਧਿਆਨਪੂਰਵਕ ਅਧਿਐਨ ਤੋਂ ਬਾਅਦ, ਸਾਡੇ ਮਨਾਂ ਵਿੱਚ ਇਸ ਦੇ ਬਹੁਤ ਸਾਰੇ ਵੇਰਵਿਆਂ ਬਾਰੇ ਕਈ ਸਵਾਲ ਖੜ੍ਹੇ ਹੋ ਰਹੇ ਹੋਣਗੇ। ਫਿਰ ਵੀ, ਇਸ ਲਿਖਤ ਵਿੱਚ ਅਨੇਕਾਂ ਸਚਾਈਆਂ ਪੇਸ਼ ਕੀਤੀਆਂ ਗਈਆਂ ਹਨ—ਭਾਵੇਂ ਦੱਸੀਆਂ ਗਈਆਂ ਹੋਣ ਜਾਂ ਉਨ੍ਹਾਂ ਵੱਲ ਇਸ਼ਾਰਾ ਕੀਤਾ ਗਿਆ ਹੋਵੇ—ਜੋ ਪਰਮੇਸ਼ੁਰ ਨਹੀਂ ਚਾਹੇਗਾ ਕਿ ਅਸੀਂ ਉਨ੍ਹਾਂ ਨੂੰ ਭੁੱਲੀਏ। ਆਓ ਅਸੀਂ ਇਨ੍ਹਾਂ ਵਿੱਚੋਂ ਕੁਝ ਤੇ ਨਜ਼ਰ ਮਾਰੀਏ।

*"ਇੱਕ" ਮਹੱਤਵਪੂਰਣ ਹੈ।* ਵਿਅਕਤੀਗਤ ਤੌਰ ਤੇ, ਕਈ ਵਾਰ ਅਸੀਂ ਸੋਚਦੇ ਹਾਂ ਕਿ "ਸਿਰਫ ਇਕੱਲੇ" ਅਸੀਂ ਹਾਂ ਅਤੇ ਇਸ ਲਈ ਮਹੱਤਵਹੀਣ ਹਾਂ। ਲਿਖਤ ਦੀ ਪੜਚੋਲ "ਇੱਕ" ਅੰਕ ਦੇ ਮਹੱਤਵ ਨੂੰ ਵਿਖਾਉਂਦੀ ਹੈ। *ਇੱਕ* ਦੇ ਮਨੁੱਖ ਰਾਹੀਂ, ਬਰਬਾਦੀ ਸੰਸਾਰ ਵਿੱਚ ਆਈ; ਫਿਰ *ਇੱਕ* ਮਨੁੱਖ ਸੰਸਾਰ ਨੂੰ ਬਚਾਉਣ ਲਈ ਆਇਆ। ਸਾਨੂੰ ਇੱਕ ਜੀਵਨ ਦੀ ਸ਼ਕਤੀ ਨੂੰ ਕਦੇ ਘੱਟ ਨਹੀਂ ਸਮਝਣਾ ਚਾਹੀਦਾ, ਖਾਸ ਕਰਕੇ ਉਹ ਜੀਵਨ ਜਿਹੜਾ ਪ੍ਰਭੂ ਨੂੰ ਸਮਰਪਿਤ ਹੈ। ਐਡਵਰਡ ਐਵਰੈੱਟ ਹੇਲ ਨੇ ਇੱਕ ਵਾਰ ਲਿਖਿਆ,

> ਸਿਰਫ ਮੈਂ ਹੀ ਹਾਂ, ਪਰ ਮੈਂ ਇੱਕ ਹਾਂ।
> ਮੈਂ ਸਭ ਕੁਝ ਨਹੀਂ ਕਰ ਸਕਦਾ,
> ਪਰ ਮੈਂ ਕੁਝ ਨਾ ਕੁਝ ਜ਼ਰੂਰ ਕਰ ਸਕਦਾ ਹਾਂ।
> ਮੈਂ ਜੋ ਕਰ ਸਕਦਾ ਹਾਂ ਮੈਨੂੰ ਕਰਨਾ ਚਾਹੀਦਾ ਹੈ,
> ਅਤੇ ਮੈਨੂੰ ਜੋ ਕਰਨਾ ਚਾਹੀਦਾ ਹੈ
> ਪਰਮੇਸ਼ੁਰ ਦੀ ਕਿਰਪਾ ਰਾਹੀਂ ਮੈਂ ਕਰਾਂਗਾ।[88]

*ਪਾਪ ਭਿਆਣਕ ਹੈ।* ਪਾਪ ਦੀ ਧਾਰਣਾ ਨੂੰ ਅੱਜ ਦੇ ਸਮਾਜ ਦੇ ਬਹੁਤ ਸਾਰੇ ਹਿੱਸਿਆਂ ਵਿੱਚ ਘੱਟ ਮਹੱਤਵਪੂਰਣ ਸਮਝਿਆ ਜਾਂਦਾ ਹੈ। ਕੁਝ ਤਾਂ ਪਾਪ ਦੀ ਹੋਂਦ ਦਾ ਹੀ ਇਨਕਾਰ ਕਰਦੇ ਹਨ, ਜਦ ਕਿ ਕੁਝ ਇਹ ਜ਼ੋਰ ਦਿੰਦੇ ਹਨ ਕਿ ਬਾਈਬਲ ਜਿਸ ਨੂੰ "ਪਾਪ" ਦਾ ਨਾਂ ਦਿੰਦੀ ਹੈ ਬਿਲਕੁਲ ਵੀ ਬੁਰਾ ਨਹੀਂ ਹੈ। ਇਸ ਦੇ ਉਲਟ, ਜਦੋਂ ਅਸੀਂ ਆਦਮ ਦੇ ਪਾਪ ਅਤੇ ਇਸ ਦੇ ਨਤੀਜਿਆਂ ਤੇ ਨਜ਼ਰ ਮਾਰਦੇ ਹਾਂ, ਅਸੀਂ ਵੇਖਦੇ ਹਾਂ ਕਿ ਪਾਪ ਅਸਲੀ ਹੈ, ਇਹ ਭਿਆਣਕ ਹੈ ਅਤੇ ਇਸ ਦਾ ਨਤੀਜਾ ਡਰਾਵਣਾ ਹੈ। "ਜਦੋਂ ਆਦਮ ਨੇ ਪਾਪ ਕੀਤਾ ਤਾਂ ਸੰਸਾਰ ਦੇ ਭੂ-ਦਰਿਸ਼ ਦੇ ਚਾਰੇ ਪਾਸੇ ਇਤਹਾਸ ਵਿੱਚ ਸਭ ਤੋਂ ਲੰਮਾ ਅਤੇ ਸਭ ਤੋਂ ਕਾਲਾ ਪਰਛਾਵਾਂ ਪਿਆ ਅਤੇ ਸੰਸਾਰ ਵਿੱਚ ਮੌਤ ਆ ਗਈ!"[89]

*ਕਿਰਪਾ ਅਨੋਖੀ ਹੈ।* ਮਨੁੱਖਜਾਤੀ ਦੀ ਮਦਦ ਕਰਨਾ ਪਰਮੇਸ਼ੁਰ ਦੀ ਜ਼ਿੰਮੇਵਾਰੀ ਨਹੀਂ ਸੀ, ਪਰ ਆਪਣੇ ਵੱਡੇ ਪਿਆਰ ਦੇ ਕਾਰਨ ਉਸ ਨੇ ਸਾਡੇ ਉੱਤੇ ਆਪਣੀ ਕਿਰਪਾ ਕੀਤੀ (ਯੂਹੰਨਾ 3:16)। ਪੌਲੁਸ ਨੇ ਲਿਖਿਆ ਕਿ "ਜਿੱਥੇ ਪਾਪ ਬਾਹਲਾ ਹੋਇਆ ਉੱਥੇ ਹੀ ਕਿਰਪਾ ਅੱਤ ਵਧੀਕ ਹੋਈ" (5:20)। *ਪਿਲਗਰਿਮਜ਼ ਪਰੋਗਰੈਸ* ਦੇ ਲੇਖਕ ਜੌਨ ਬਨਯਨ (1628-1688) ਨੇ ਰੋਮੀਆਂ 5:20 ਨੂੰ ਆਪਣੀ ਸਵੈ-ਜੀਵਣੀ ਦਾ ਸਿਰਲੇਖ ਦਿੱਤਾ: *ਕਿਰਪਾ ਅੱਤ ਵਧੀਕ*।[90]

*ਸਲੀਬ ਲਾਜ਼ਮੀ ਹੈ।* ਜੇਕਰ ਮਸੀਹ ਆਦਮ ਦੇ ਉਸ ਪਾਪ ਦਾ ਖਾਤਮਾ ਕਰਨ ਲਈ ਨਾ ਆਉਂਦਾ ਜੋ ਉਸ ਨੇ ਕੀਤਾ ਸੀ—ਖੈਰ, ਸ਼ਬਦ ਇਸ ਨੂੰ ਬਿਆਨ ਨਹੀਂ ਕਰ ਸਕਦੇ ਕਿ ਉਹ ਕਿੰਨਾ ਦਰਦਨਾਕ ਹੁੰਦਾ। ਉਹ ਸੱਚਮੁੱਚ ਆਇਆ ਅਤੇ ਉਸ ਨੇ ਸਾਡੇ ਲਈ ਸਲੀਬ ਉੱਤੇ ਆਪਣੀ ਜਾਨ ਦਿੱਤੀ ਸੀ! ਦੂਜੇ ਵਿਸ਼ਵ ਯੁਧ ਦੇ ਖਤਮ ਹੋਣ ਤੋਂ ਬਾਅਦ, ਵਿੰਸਟਨ ਚਰਚਿਲ ਨੇ ਇਨ੍ਹਾਂ ਕਦੇ ਨਾ ਭੁੱਲਣ ਵਾਲੇ ਸ਼ਬਦਾਂ ਨਾਲ ਰੌਇਅਲ ਏਅਰ ਫੋਰਸ ਨੂੰ ਸ਼ਰਧਾਂਜਲੀ ਦਿੱਤੀ: "ਕਦੇ ਵੀ ਇੰਨੇ ਜ਼ਿਆਦਾ ਲੋਕ ਇੰਨੇ ਥੋੜ੍ਹੇ ਲੋਕਾਂ ਦੇ ਇੰਨੇ ਜ਼ਿਆਦਾ ਅਹਿਸਾਨਮੰਦ ਨਹੀਂ ਹੋਏ।" ਜਦੋਂ ਅਸੀਂ ਸਲੀਬ ਉੱਤੇ ਟੰਗੇ ਮਸੀਹ ਨੂੰ ਵੇਖਦੇ ਹਾਂ, ਸਾਨੂੰ ਇਹ ਐਲਾਨ ਕਰਨਾ ਚਾਹੀਦਾ ਹੈ, "ਇੰਨੇ ਜ਼ਿਆਦਾ ਲੋਕ ਕਦੇ ਵੀ ਇੱਕ ਜਣੇ ਦੇ ਇੰਨੇ ਜ਼ਿਆਦਾ ਅਹਿਸਾਨਮੰਦ ਨਹੀਂ ਹੋਏ!"[91]

*ਮੌਤ ਅਟੱਲ ਹੈ।* ਆਦਮ ਦੇ ਪਾਪ ਦਾ ਇੱਕ ਨਤੀਜਾ ਇਹ ਸੀ ਕਿ "ਮੌਤ ਸਭਨਾਂ ਮਨੁੱਖਾਂ ਵਿੱਚ ਫੈਲਰ ਗਈ" (5:12)। "ਮਨੁੱਖਾਂ ਲਈ ਇੱਕ ਵਾਰ ਮਰਨਾ ਠਹਿਰਾਇਆ ਹੋਇਆ ਹੈ ਅਤੇ ਉਹ ਦੇ ਪਿੱਛੋਂ ਨਿਆਉਂ ਹੁੰਦਾ ਹੈ" (ਇਬਰਾਨੀਆਂ 9:27)। ਸਾਡੇ ਵਿੱਚੋਂ ਜ਼ਿਆਦਾਤਰ ਲੋਕ ਮੌਤ ਦੇ ਬਾਰੇ ਸੋਚਣਾ ਪਸੰਦ ਨਹੀਂ ਕਰਦੇ, ਪਰ ਇਹ ਅਟੱਲ ਹੈ—ਅਤੇ ਉਸ ਤੋਂ ਬਾਅਦ ਨਿਆਂ ਨਿਸ਼ਚਤ ਹੈ। ਬੁੱਧਵਾਨ ਮਨੁੱਖ ਨਾ ਸਿਰਫ ਜੀਵਨ ਲਈ ਤਿਆਰੀ ਕਰਦਾ ਹੈ, ਪਰ ਮੌਤ ਲਈ ਵੀ।

*ਜੀ ਉੱਠਣਾ ਯਕੀਨੀ ਹੈ।* ਮਸੀਹ ਆਦਮ ਦੇ ਪਾਪ ਦੇ ਪ੍ਰਭਾਵਾਂ ਨੂੰ ਰੱਦ ਕਰਨ ਲਈ ਆਇਆ ਸੀ। ਆਦਮ ਦੇ ਪਾਪ ਦੇ ਕਾਰਨ, ਹਰ ਵਿਅਕਤੀ ਤੇ ਸਰੀਰਕ ਮੌਤ ਆਉਂਦੀ ਹੈ; ਪਰ ਮਸੀਹ ਦੇ ਰਾਹੀਂ, ਅਸੀਂ ਇੱਕ ਨਾ ਇੱਕ ਦਿਨ ਜੀ ਉੱਠਾਂਗੇ। ਜਦੋਂ ਯਿਸੂ ਦੁਬਾਰਾ ਆਵੇਗਾ, "ਜਿਹੜੇ ਕਬਰਾਂ ਵਿੱਚ ਹਨ ਉਹ ਦੀ ਅਵਾਜ਼ ਸੁਣਨਗੇ ਅਤੇ ਨਿੱਕਲ ਆਉਣਗੇ। ਜਿਨ੍ਹਾਂ ਨੇ ਭਲਿਆਈ ਕੀਤੀ ਹੈ ਸੋ ਜੀਉਣ ਦੀ ਕਿਆਮਤ ਲਈ ਅਰ ਜਿਨ੍ਹਾਂ ਨੇ ਬੁਰਿਆਈ ਕੀਤੀ ਹੈ ਉਹ ਨਿਆਉਂ ਦੀ ਕਿਆਮਤ ਲਈ" (ਯੂਹੰਨਾ 5:28, 29)।

*ਜ਼ਿੰਮੇਵਾਰੀ ਨਿੱਜੀ ਹੈ।* ਸਾਡੇ ਵਿੱਚੋਂ ਹਰ ਕੋਈ ਆਪੋ-ਆਪਣੇ ਅੰਤ ਲਈ ਜ਼ਿੰਮੇਵਾਰ ਹੈ। ਆਦਮ ਦੇ ਪਾਪ ਦੇ ਕਾਰਨ, ਅਸੀਂ ਸਰੀਰਕ ਤੌਰ ਤੇ ਮਰਦੇ ਹਾਂ ਅਤੇ ਪਰਮੇਸ਼ੁਰ ਦੀ ਕਿਰਪਾ ਦੇ ਕਾਰਨ, ਅਸੀਂ ਇੱਕ ਨਾ ਇੱਕ ਦਿਨ ਸਰੀਰਕ ਰੂਪ ਵਿੱਚ ਜੀਵਾਂਗੇ। ਫਿਰ ਵੀ, ਸਾਡੇ ਆਪਣੇ

ਪਾਪਾਂ ਦੇ ਕਾਰਨ ਅਸੀਂ ਆਤਮਿਕ ਤੌਰ ਤੇ ਮਰਦੇ ਹਾਂ ਅਤੇ ਸਿਰਫ ਮਸੀਹ ਦੀ ਕੁਰਬਾਨੀ ਵਿੱਚ ਨਿਹਚਾ ਦੇ ਰਾਹੀਂ ਅਸੀਂ ਸਦੀਪਕ ਕਾਲ ਤੀਕਰ ਜੀ ਸਕਦੇ ਹਾਂ।[92] ਸਾਡੇ ਸਰੀਰ ਬਾਰੇ ਸਾਡੇ ਕੋਲ ਕੋਈ ਚੋਣ ਨਹੀਂ ਹੈ, ਪਰ ਸਾਡੀ ਨਿਹਚਾ ਦੇ ਬਾਰੇ ਸਾਡੇ ਕੋਲ ਇੱਕ ਚੋਣ ਹੈ। ਇੱਕ ਵਾਰ ਇੱਕ ਬਜ਼ੁਰਗ ਪ੍ਰਚਾਰਕ ਨੂੰ ਪੁੱਛਿਆ ਗਿਆ ਕਿ ਮੁਕਤੀ ਸਾਰਿਆਂ ਦੇ ਲਈ ਹੈ ਫਿਰ ਸਾਰੇ ਲੋਕ ਕਿਉਂ ਨਹੀਂ ਬਚਾਏ ਜਾਂਦੇ। ਉਸ ਬਜ਼ੁਰਗ ਨੇ ਜਵਾਬ ਦਿੱਤਾ, "ਉਨ੍ਹਾਂ ਸ਼ੁੱਧ ਪਾਣੀ ਦੀਆਂ ਨਦੀਆਂ ਦੇ ਬਾਵਜੂਦ ਵੀ ਜੋ ਹਜ਼ਾਰਾਂ ਸਾਲਾਂ ਤੋਂ ਬਰਫ ਨਾਲ ਢੱਕੀਆਂ ਚੋਟੀਆਂ ਤੋਂ ਹੇਠਾਂ ਵਹਿੰਦੀਆਂ ਹਨ, ਲੋਕ ਗੰਦੇ ਕਿਉਂ ਹਨ?"[93] ਸਚਾਈ ਇਹ ਹੈ ਕਿ ਕੁਝ ਲੋਕ ਉਨ੍ਹਾਂ ਨਦੀਆਂ ਵਿੱਚ ਨਹਾਉਣ ਤੋਂ ਇਨਕਾਰ ਕਰ ਦਿੰਦੇ ਹਨ। ਉਸੇ ਤਰ੍ਹਾਂ, ਕੁਝ ਲੋਕ ਪਰਮੇਸ਼ੁਰ ਦੀ ਬਖ਼ਸ਼ੀਸ਼ ਯਿਸੂ ਨੂੰ ਕਬੂਲ ਕਰਨ ਤੋਂ ਇਨਕਾਰ ਕਰ ਦਿੰਦੇ ਹਨ।

*ਇੱਕ ਫ਼ੈਸਲਾ ਲਾਜ਼ਮੀ ਹੈ।* ਐਡਵਰਡਜ਼ ਨੇ ਲਿਖਿਆ, "ਮਨੁੱਖੀ ਹੋਣਾ ਚੋਣ ਕਰਨ ਦੇ ਚੌਰਾਹੇ ਤੇ ਖੜਾ ਹੋਣਾ ਹੈ।"[94] ਅਸੀਂ ਜਾਂ ਤਾਂ ਆਪਣੇ ਪਾਪ ਵਿੱਚ ਰਹਿਣਾ ਅਤੇ ਉਸ ਪਾਪ ਦੇ ਭਿਆਣਕ ਨਤੀਜਿਆਂ ਨੂੰ ਭੁਗਤਣਾ ਚੁਣ ਸਕਦੇ ਹਾਂ ਜਾਂ ਅਸੀਂ ਯਿਸੂ ਉੱਤੇ ਨਿਹਚਾ ਕਰਨ ਦਾ ਫ਼ੈਸਲਾ ਲੈ ਕੇ ਉਸ ਨੂੰ ਆਪਣੇ ਜੀਵਨਾਂ ਦਾ ਰਾਜਾ ਬਣਾ ਸਕਦੇ ਹਾਂ। ਮਸੀਹ ਦੀ ਪਾਲਣਾ ਕਰਨਾ ਆਪਣੇ ਪਾਪਾਂ ਤੋਂ ਮਾਫ਼ੀ ਪਾਉਣਾ ਅਤੇ ਉਨ੍ਹਾਂ ਬਰਕਤਾਂ ਨੂੰ ਪ੍ਰਾਪਤ ਕਰਨਾ ਹੈ ਜੋ ਪਰਮੇਸ਼ੁਰ ਨੇ ਸਾਡੇ ਲਈ ਤਿਆਰ ਕੀਤੀਆਂ ਹਨ। ਕੁਝ ਲੋਕ ਸੋਚਦੇ ਹਨ ਕਿ ਉਹ ਇੱਕ ਫ਼ੈਸਲਾ ਲੈਣ ਤੋਂ ਇਨਕਾਰ ਕਰ ਸਕਦੇ ਹਨ ਜਾਂ ਘੱਟੋ-ਘੱਟ ਇਸ ਫ਼ੈਸਲੇ ਨੂੰ ਅੱਗੇ ਟਾਲ ਸਕਦੇ ਹਨ; ਪਰ ਹਰ ਵਾਰ ਉਹ ਮਸੀਹ ਲਈ ਇੱਕ ਫ਼ੈਸਲਾ ਕਰਨ ਵਿੱਚ ਅਸਫ਼ਲ ਹੋ ਜਾਂਦੇ ਹਨ, ਉਹ ਮਸੀਹ ਦੇ ਵਿਰੁੱਧ ਫ਼ੈਸਲਾ ਲੈਂਦੇ ਹਨ (ਵੇਖੋ ਲੂਕਾ 11:23)। ਕਾਫੀ ਸਮੇਂ ਪਹਿਲਾਂ, ਯਹੋਸ਼ੁਆ ਨੇ ਇਹ ਚੁਣੌਤੀ ਦਿੱਤੀ ਸੀ: "ਅੱਜ ਤੁਸੀਂ ਉਸ ਨੂੰ ਚੁਣ ਲਓ ਜਿਹ ਦੀ ਉਪਾਸਨਾ ਤੁਸੀਂ ਕਰੋਗੇ . . . ਪਰ ਮੈਂ ਅਤੇ ਮੇਰਾ ਘਰਾਣਾ ਤਾਂ ਯਹੋਵਾਹ ਹੀ ਦੀ ਉਪਾਸਨਾ ਕਰਾਂਗੇ" (ਯਹੋਸ਼ੁਆ 24:15)।

*ਨਿਚੋੜ* । ਰੋਮੀਆਂ 5:12-21 ਸਾਨੂੰ ਸਿਖਾਉਂਦੀ ਹੈ ਕਿ ਮਸੀਹ ਨੇ ਉਨ੍ਹਾਂ ਸਾਰੀਆਂ ਸਮੱਸਿਆਵਾਂ ਨੂੰ ਹੱਲ ਕਰ ਦਿੱਤਾ ਹੈ ਜੋ ਆਦਮ ਮਨੁੱਖਜਾਤੀ ਵਿੱਚ ਲੈ ਕੇ ਆਇਆ ਸੀ—ਅਤੇ ਹੋਰ ਵੀ ਬਹੁਤ ਕੁਝ। ਕੀ ਇਹ ਸਿਰਫ ਇੱਕ ਥਿਓਲੋਜੀਕਲ ਕਥਨ ਹੈ? ਨਹੀਂ, ਇਹ ਇੱਕ ਵਿਹਾਰਕ ਅਤੇ ਨਿੱਜੀ ਸਚਾਈ ਹੈ। ਸਾਨੂੰ ਇਸ ਲਿਖਤ ਨੂੰ ਸਿਰਫ ਆਦਮ ਅਤੇ ਮਸੀਹ ਦੀ ਕਹਾਣੀ ਦੇ ਰੂਪ ਵਿੱਚ ਨਹੀਂ ਸੋਚਣਾ ਚਾਹੀਦਾ; ਇਹ ਕਹਾਣੀ ਸਾਡੀ ਵੀ ਹੈ।

ਪਵਿੱਤਰ ਆਤਮਾ ਨੇ ਇਸ ਬੰਦ ਨੂੰ ਇੱਕ ਪਹੇਲੀ ਵਜੋਂ ਸੁਲਝਾਉਣ ਲਈ ਸ਼ਾਮਲ ਨਹੀਂ ਕੀਤਾ ਹੈ, ਪਰ ਇਸ ਨੂੰ ਢੁਕਵਾਂ ਬਣਾਉਣ ਲਈ ਸਚਾਈਆਂ ਦੀ ਇੱਕ ਪੇਸ਼ਕਾਰੀ ਵਜੋਂ। ਇੱਕ ਸਚਾਈ ਇਹ ਹੈ ਕਿ ਅਸੀਂ ਆਦਮ ਦੇ ਪਾਪ ਦੇ ਕਾਰਨ ਹਰ ਰੋਜ਼ ਦੁੱਖ ਝੱਲਦੇ ਹਾਂ ਅਤੇ ਇੱਕ ਨਾ ਇੱਕ ਦਿਨ ਉਸ ਪਾਪ ਦੇ ਕਾਰਨ ਸਾਨੂੰ ਸਰੀਰਕ ਮੌਤ ਦਾ ਸਾਹਮਣਾ ਕਰਨਾ ਪਵੇਗਾ। ਇੱਕ ਹੋਰ ਸਚਾਈ ਇਹ ਹੈ ਕਿ ਨਿੱਜੀ ਪਾਪ ਦੇ ਕਾਰਨ, ਅਸੀਂ ਇੱਥੇ ਧਰਤੀ ਉੱਤੇ ਅਤੇ ਪੂਰੇ ਸਦੀਪਕ ਕਾਲ ਤੀਕਰ ਪਰਮੇਸ਼ੁਰ ਤੋਂ ਅੱਡ ਕੀਤੇ ਜਾ ਸਕਦੇ ਹਾਂ। ਸਭ ਤੋਂ ਮਜੇਦਾਰ ਸਚਾਈ ਇਹ ਹੈ ਕਿ ਯਿਸੂ ਆਦਮ ਅਤੇ ਸਾਡੇ ਦੋਹਾਂ ਦੇ ਪਾਪ ਦੀਆਂ ਸਜ਼ਾਵਾਂ ਨੂੰ ਖਤਮ ਕਰਨ ਦੇ ਲਈ ਆਇਆ ਸੀ। ਉਹ ਸਾਡੇ ਹਰੇਕ ਦੇ ਲਈ ਮਰਿਆ ਹੈ ਅਤੇ ਉਹ ਚਾਹੁੰਦਾ ਹੈ ਕਿ ਅਸੀਂ ਉਸ ਉੱਤੇ ਨਿਹਚਾ ਕਰੀਏ ਅਤੇ ਉਸ ਦੀ ਇੱਛਾ ਦੀ ਪਾਲਣਾ ਕਰੀਏ (6:3-6)। ਰੋਮੀਆਂ ਦੀ ਪੱਤ੍ਰੀ ਦੇ ਇਸ ਭਾਗ ਨੇ ਸ਼ਾਇਦ ਸਾਡੇ ਦਿਮਾਗ ਨੂੰ ਵਿਅਸਤ ਰੱਖਿਆ ਹੋਵੇਗਾ ਪਰ ਹੁਣ ਸਾਨੂੰ ਇਸ ਨੂੰ ਸਾਡੇ ਦਿਲਾਂ ਨੂੰ ਛੋਹਣ ਅਤੇ ਸਾਡੀਆਂ ਇੱਛਾਵਾਂ ਨੂੰ ਪ੍ਰੇਰਿਤ ਕਰਨ ਦੇਣਾ ਚਾਹੀਦਾ ਹੈ!

## ਟਿੱਪਣੀਆਂ

[1]ਵਿਲੀਅਮ ਬਾਰਕਲੇਅ, *ਦ ਲੈਟਰ ਟੂ ਦ ਰੋਮਨਜ਼,* ਸੋਧਿਆ ਸੰਸਕਰਣ, ਦ ਡੇਲੀ ਸਟੱਡੀ ਬਾਈਬਲ (ਫਿਲਾਡੇਲਫੀਆ: ਵੈਸਟਮਿੰਸਟਰ ਪ੍ਰੈਸ 1975), 72. [2]ਆਰ. ਸੀ. ਬੈੱਲ, *ਸਟਡੀਜ਼ ਇਨ ਰੋਮਨਜ਼* (ਔਸਟਿਨ, ਟੈਕਸਸ: ਫਰਮ ਫਾਉਂਡੇਸ਼ਨ ਪਬਲਿਸ਼ਿੰਗ ਹਾਉਸ, 1957), 43. [3]ਲੈਰੀ ਡੀਸਨ, *"ਦ ਰਾਈਚੇਸਨੈੱਸ ਆਫ ਗੌਡ": ਐਨ ਇਨ-ਡੈਪਥ ਸਟਡੀ ਔਫ ਰੋਮਨਜ਼,* ਸੋਧਿਆ ਸੰਸਕਰਨ (ਕਲਿਫਟਨ ਪਾਰਕ, ਨਿਊ ਯੋਰਕ: ਲਾਈਫ ਕਮਿਉਨਿਕੇਸ਼ਨਜ਼, 1989) 134. [4]ਵਾਲਟਰ ਬਓਰ, *ਏ ਗ੍ਰੀਕ-ਇੰਗਲਿਸ਼ ਲੈਕਸਿਕਨ ਆਫ ਦ ਨਿਊ ਟੈਸਟਾਮੈਂਟ ਐਂਡ ਅਦਰ ਅਰਲੀ ਕ੍ਰਿਸ਼ਚੀਅਨ ਲਿਟਰੇਚਰ,* ਜਿਲਦ ਤੀਜੀ, ਸੋਧ ਅਤੇ ਸੰਪਾਦਨ, ਫ੍ਰੈਡਰਿਕ ਡਬਲਿਯੂ. ਡੈਂਕਰ (ਸ਼ਿਕਾਗੋ: ਯੂਨਿਵਰਸਿਟੀ ਆਫ ਸ਼ਿਕਾਗੋ ਪ੍ਰੈਸ, 2000), 875. [5]ਉਪਰੋਕਤ, 876. [6]ਲਿਓਨ ਮੌਰਿਸ, *ਦੀ ਏਪਿਸਲ ਟੂ ਦ ਰੋਮਨਜ਼* (ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਅਰਡਮੰਸ ਪਬਲਿਸ਼ਿੰਗ ਕੰਪਨੀ, 1988), 219. [7]ਜੌਨ ਨਿਉਟਨ, "ਅਮੇਜ਼ਿੰਗ ਗ੍ਰੇਸ," *ਸੌਂਗਸ ਆਫ ਫੇਥ ਐਂਡ ਪ੍ਰੇਜ਼,* ਰਚਨਾ ਅਤੇ ਸੰਪਾਦਨ ਐਲਟਨ ਐਚ. ਹਾਵਰਡ (ਵੈਸਟ ਮੋਨਰੋ, ਲੁਈਜ਼ਿਐਨਾ: ਹਾਵਰਡ ਪਬਲਿਸ਼ਿੰਗ ਕੰਪਨੀ, 1994)। [8]ਵਿਲੀਅਮ ਬਰਕਲੇ, *ਨਿਊ ਟੈਸਟਾਮੈਂਟ ਵਰਡਸ* (ਫਿਲਾਡੇਲਫੀਆ: ਵੈਸਟਮਿੰਸਟਰ ਪ੍ਰੈਸ, 1974), 76. [9]ਬਓਰ, 457. [10]ਉਪਰੋਕਤ।

[11]ਬਰਕਲੇ, *ਰੋਮਨਜ਼,* 73. [12]ਉਪਰੋਕਤ। [13]ਮੌਰਿਸ, 220, ਐੱਨ. 11. [14]ਜਿਮ ਟਾਉਨਸੈਂਡ, *ਰੋਮਨਜ਼: ਲੈੱਟ ਜਸਟਿਸ ਰੋਲ ਡਾਉਨ* (ਐਲਗਿਨ ਇਲਿਨੋਏ: ਡੇਵਿਡ ਸੀ. ਕੁੱਕ ਪਬਲਿਸ਼ਿੰਗ ਕੰਪਨੀ, 1988), 37 ਵਿੱਚੋਂ ਲਿਆ ਗਿਆ। [15]ਜੇਮਸ ਡੀ. ਜੀ. ਡੰਨ, *ਰੋਮਨਜ਼ 1—8,* ਵਰਡ ਬਿਬਲਿਕਲ ਕਮੈਂਟ੍ਰੀ, ਜਿਲਦ 38A (ਡਾਲਸ: ਵਰਡ ਬੁਕਸ, 1986), 253. [16]ਧਰਮੀ ਠਹਿਰਾਏ ਜਾਣ ਦੀਆਂ ਅਸੀਸਾਂ ਦੀ ਗੱਲ ਕਰਦਿਆਂ, ਇਹ ਆਇਤਾਂ ਸੰਪੂਰਨ ਪਰਮੇਸ਼ਰਤਾਈ—ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ—ਦੇ ਕੰਮ ਦਾ ਜ਼ਿਕਰ ਕਰਦੀਆਂ ਹਨ। [17]ਜੇ. ਡਬਲਿਯੂ. ਮੈਕਗਾਰਵੇ ਅਤੇ ਫਿਲਿਪ ਵਾਈ. ਪੈਂਡਲਟਨ, *ਥੈੱਸਾਲੋਨਿਅਨ, ਕੋਰਿੰਥਿਅੰਸ, ਗਲੇਸ਼ਿਅੰਸ ਐਂਡ ਰੋਮਨਜ਼,* ਦ ਸਟੈਂਡਰਡ ਬਾਈਬਲ ਕਮੈਂਟ੍ਰੀ (ਸਿਨਸਿਨਾਟੀ: ਸਟੈਂਡਰਡ ਪਬਲਿਸ਼ਿੰਗ, ਮਿਤੀ ਉਪਲਬਧ ਨਹੀਂ ਹੈ) 331. [18]ਜੇਮਸ ਬਰਟਨ ਕੌਫਮਨ, *ਕਮੈਂਟ੍ਰੀ ਆਨ ਰੋਮਨਜ਼* (ਔਸਟਿਨ, ਟੈਕਸਸ: ਫਰਮ ਫਾਉਂਡੇਸ਼ਨ ਪਬਲਿਸ਼ਿੰਗ ਹਾਉਸ, 1973), 197. [19]ਜੇਮਸ ਆਰ. ਐਡਵਰਡਜ਼, *ਰੋਮਨਜ਼,* ਨਿਊ ਇੰਟਰਨੈਸ਼ਨਲ ਬਿਬਲਿਕਲ ਕਮੈਂਟ੍ਰੀ (ਪੀਬੌਡੀ, ਮਾਸੇਚਿਯੁਸੇਟਸ: ਹੈਂਡ੍ਰਿਕਸਨ ਪਬਲਿਸ਼ਰਜ਼, 1992) 139. [20]ਰਿਚਰਡ ਬੇਟਈ, *ਦ ਲੈਟਰ ਆਫ ਪੌਲ ਟੂ ਦ ਰੋਮਨਜ਼,* ਦ ਲਿਵਿੰਗ ਵਰਡ ਕਮੈਂਟ੍ਰੀ (ਔਸਟਿਨ, ਟੈਕਸਸ: ਆਰ. ਬੀ. ਸਵੀਟ ਕੰਪਨੀ, 1969), 67-68.

[21]ਅਸਲੀ ਕਥਨ "ਪਰਮੇਸ਼ਰ ਉਨ੍ਹਾਂ ਦੀ ਮਦਦ ਕਰਦਾ ਹੈ ਜੋ ਆਪਣੀ ਮਦਦ ਆਪ ਕਰਦੇ ਹਨ" ਦਾ ਅਰੰਭ *ਪੂਅਰ ਰਿਚਰਡਸ ਅਲਮੈਨੈਕ* (ਜੂਨ 1736) ਵਿੱਚ ਪਾਇਆ ਜਾਂਦਾ ਹੈ। (ਜੌਨ ਬਾਰਟਲੈੱਟ, *ਫੈਮਿਲਿਅਰ ਕੋਟੇਸ਼ਨਸ,* 15ਵਾਂ ਸੰਸਕਰਨ, ਸੋਧ ਅਤੇ ਵਿਸਥਾਰ, ਸੰਪਾਦਨ ਏਮਿਲੀ ਮੌਰਿਸਨ ਬੇੱਕ [ਬੋਸਟਨ: ਲਿਟਲ, ਬ੍ਰਾਉਨ ਐਂਡ ਕੰਪਨੀ, 1980], 347)। [22]ਜੀ. ਡੇਲਿੰਗ, *ਥਿਓਲੌਜੀਕਲ ਡਿਕਸ਼ਨਰੀ ਆਫ ਦ ਨਿਊ ਟੈਸਟਾਮੈਂਟ* ਵਿੱਚ "*ਕਾਇਰੋਸ,*" ਸੋਧ. ਗੇਰਹਾਰਡ ਕਿਟਲ ਅਤੇ ਗੇਰਹਾਰਡ ਫ੍ਰੀਡਰਿਕ, ਅਨੁਵਾਦ ਅਤੇ ਲਘੂ ਰੂਪ ਜੈਫ੍ਰੀ ਡਬਲਿਯੂ. ਬ੍ਰੋਮਾਇਲੀ (ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਅਰਡਮੰਸ ਪਬਲਿਸ਼ਿੰਗ ਕੰਪਨੀ, 1985), 389. "ਸਮੇਂ" ਲਈ ਇੱਕ ਹੋਰ ਸ਼ਬਦ (χρόνος, *ਕ੍ਰੋਨੋਸ ,* ਜਿਵੇਂ ਕੇ "ਕ੍ਰੋਨੋਲੋਜੀ" ਵਿੱਚ ਵਰਤਿਆ ਜਾਂਦਾ ਹੈ) ਦਾ ਸੰਬੰਧ ਸਮੇਂ ਦੇ ਕਾਲ ਦੇ ਨਾਲ ਹੈ। [23]ਜਿਮੀ ਐਲਨ, *ਸਰਵੇ ਆਫ ਰੋਮਨਜ਼, 7* ਵਾਂ ਸੰਸਕਰਨ (ਸਰਸੀ, ਆਰਕੰਸਾ: ਲੇਖਕ ਵੱਲੋਂ, 1994) 63 ਵਿੱਚ ਇਨ੍ਹਾਂ ਬਿੰਦੂਆਂ 'ਤੇ ਚਰਚਾ ਵੇਖੋ। [24]ਮੌਰਿਸ, 222. [25]ਜੌਨ ਆਰ. ਡਬਲਿਯੂ. ਸਟੌਟ, *ਦ ਮੈਸੇਜ ਆਫ ਰੋਮਨਜ਼: ਗੌਡਜ਼ ਗੁੱਡ ਨਿਊਜ਼ ਫਾਰ ਦ ਵਰਲਡ,* ਦ ਬਾਈਬਲ ਸਪੀਕਸ ਟੁਡੇ (ਡਾਉਨਰਸ ਗ੍ਰਵ, ਇਲਿਨੋਏ: ਇੰਟਰ-ਵਰਸਿਟੀ ਪ੍ਰੈਸ, 1994) 144. [26]ਮੌਰਿਸ, 225. [27]ਸੀ. ਐੱਸ, ਲੁਈਸ, *ਦ ਪ੍ਰੌਬਲਮ ਆਫ ਪੇਨ* (ਔਕਸਫੋਰਡ: ਪ੍ਰਕਾਸ਼ਕ ਉਪਲਬਧ ਨਹੀਂ ਹੈ, 1940; ਮੁੜ ਛਾਪਿਆ ਗਿਆ, ਨਿਊ ਯੋਰਕ: ਮੈਕਮਿਲਨ ਪਬਲਿਸ਼ਿੰਗ ਕੰਪਨੀ, 1962), 91. ਲੁਈਸ ਇੱਕ ਔਕਸਫੋਰਡ ਯੁਨਿਵਰਸਿਟੀ ਨਾਸਤਿਕ ਸੀ ਜੋ ਬਾਅਦ ਵਿੱਚ ਪਰਮੇਸ਼ਰ ਦਾ ਵਿਸ਼ਵਾਸੀ ਬਣ ਗਿਆ। [28]ਮੌਰਿਸ, 224. [29]ਸਟੌਟ, 144. [30]ਬਓਰ, 521.

[31]ਜੇ. ਡੀ. ਥੌਮਸ, *ਰੋਮਨਸ,* ਦੀ ਲਿਵਿੰਗ ਵਰਡ (ਅਸਟਿਨ, ਟੈਕਸਾਸ: ਆਰ. ਬੀ. ਸਵੀਟ ਕੰਪਨੀ, 1965), 38. [32]ਇਨ੍ਹਾਂ ਆਇਤਾਂ ਦੇ ਪਿਛੋਕੜ ਦੇ ਲਈ, ਪੇਜ਼ 92-102 ਵੇਖੋ। [33]ਉਪਰੋਕਤ, 40. [34]ਮੌਜਜ਼ ਈ. ਲਾਰਡ, *ਕਮੈਂਟਰੀ ਔੱਨ ਪੌਲਜ਼ ਲੈਟਰ ਟੂ ਰੋਮਨਜ਼* (ਲੈਕਸਿੰਗਟਨ, ਕੰਟਕੀ: ਪ੍ਰਕਾਸ਼ਕ ਦੀ ਜਾਣਕਾਰੀ ਨਹੀਂ ਹੈ, 1875; ਮੁੜ ਛਾਪਿਆ, ਡਿਲਾਈਟ, ਆਰਕਾਂਸਸ: ਗੌਸਪਲ ਲਾਈਟ ਪਬਲਿਸ਼ਿੰਗ ਕੰਪਨੀ, ਮਿਤੀ ਉਪਲਬਧ ਨਹੀਂ ਹੈ), 162.

[35]ਰਿਚਰਡ ਰੋਜਰਸ, *ਪੇਡ ਇਨ ਫੁਲ: ਕਮੈਂਟਰੀ ਔਨ ਰੋਮਨਜ਼* (ਲੱਬਕ, ਟੈਕਸਾਸ: ਸਨ ਸੈੱਟ ਇੰਸਟੀਚਿਊਟ ਪ੍ਰੈੱਸ, 2002), 83. [36]ਡੱਗਲਸ ਜੇ. ਮੂ, *ਰੋਮਨਜ਼*, NIV ਐਪਲੀਕੇਸ਼ਨ ਕਮੈਂਟਰੀ (ਗ੍ਰੈਂਡ ਰੈਪਿਡਸ, ਮਿਸ਼ੀਗਨ: ਜ਼ੋਡੇਰਵਨ ਪਬਲਿਸ਼ਿੰਗ ਹਾਊਸ, 2000), 181. [37]ਇਹ NASB ਵਿੱਚ ਵੇਖਿਆ ਜਾ ਸਕਦਾ ਹੈ, ਜਿੱਥੇ ਇਟਾਲਿਕ ਸ਼ਬਦ ਅਨੁਵਾਦਕਾਂ ਦੇ ਦੁਆਰਾ ਜੋੜੇ ਗਏ ਹਨ। ਆਇਤ 16 ਵਿੱਚ, ਆਇਤ ਵਿੱਚ ਅਰਥ ਕੱਢਣ ਦੇ ਲਈ ਹੇਠਾਂ ਲਿਖੇ ਸ਼ਬਦ ਜੋੜੇ ਜਾ ਸਕਦੇ ਹਨ: "ਜੋ ਆਇਆ ਹੈ," "ਉਠਿਆ," "ਅਪਰਾਧ," ਅਤੇ "ਉੱਗਣਾ"। [38]ਸਟੋਟ, 149. [39]ਜਿਮ ਮੈਕਗੂਈਗਨ, *ਦ ਬੁਕ ਆਫ਼ ਰੋਮਨਜ਼*, ਬਾਈਬਲ ਲੜੀ ਤੇ ਨਜ਼ਰ ਮਾਰਨਾ (ਲੱਬੋਕ, ਟੈਕਸਾਸ: ਮੌਨਟੈਕਸ ਪਬਲਿਸ਼ਿੰਗ ਕੰ., 1982), 178. [40]ਡੀਸਨ, 142.

[41]ਕ੍ਰਿਸੋਸਟੋਮ *ਹੋਮਿਲੀਸ ਔਨ ਰੋਮਨਜ਼* 10. [42]ਅੱਜ ਦੇ ਕੁੱਝ ਨਾਸਤਿਕਾਂ ਦੇ ਉਲਟ, ਪੌਲੁਸ ਵਿਸ਼ਵਾਸ ਕਰਦਾ ਸੀ ਕਿ ਆਦਮ ਦੀ ਕਹਾਣੀ ਅਤੇ ਉਤਪਤ ਵਿੱਚ ਡਿੱਗਣਾ ਇਤਿਹਾਸਕ ਤੌਰ ਤੇ ਸਟੀਕ ਸੀ। [43]ਉਹ ਲੋਕ ਜੋ ਇਸ ਗੱਲ ਤੇ ਵਿਸ਼ਵਾਸ ਕਰਦੇ ਹਨ ਕਿ ਸਾਡੇ ਪਾਠ ਵਿਚਲੀ "ਮੌਤ" ਸਿਰਫ ਸਰੀਰਕ ਮੌਤ ਨੂੰ ਦਰਸਾਉਂਦੀ ਹੈ ਉਹ ਇਸ਼ਾਰਾ ਕਰਦੇ ਹਨ ਕਿ ਪੌਲੁਸ ਉਸ ਪ੍ਰਭਾਵ ਤੇ ਜ਼ੋਰ ਦੇ ਰਿਹਾ ਹੈ ਜੋ ਇੱਕ ਪਾਪ (ਆਦਮ ਦਾ ਪਾਪ) ਨੇ ਸੰਸਾਰ ਤੇ ਪਾਇਆ ਸੀ। ਉਹ ਦੱਸਦੇ ਹਨ ਕਿ, ਜਦੋਂ ਆਦਮ ਨੇ ਪਾਪ ਕੀਤਾ ਸੀ, ਇਹ ਇਸ ਪ੍ਰਕਾਰ ਸੀ ਜਿਵੇਂ ਉਸ ਦੇ ਸਾਰੇ ਵੰਸ਼ ਨੇ ਵੀ ਪਾਪ ਕੀਤਾ ਹੋਵੇ। ਪ੍ਰੇਰਿਤ ਲੇਖਕ ਕਈ ਵਾਰ ਅਜਿਹੇ ਤਰਕਾਂ ਨੂੰ ਵਰਤਦੇ ਹਨ। (ਵੇਖੋ ਇਬਰਾਨੀਆਂ 7:9, 10, ਜਿੱਥੇ ਲੇਖਕ ਕਹਿੰਦਾ ਹੈ ਕਿ ਲੇਵੀ ਨੇ ਆਪਣੇ ਪੈਦਾ ਹੋਣ ਤੋਂ ਕਿਤੇ ਪਹਿਲਾਂ ਮਲਕਿਸਿਦਕ ਨੂੰ ਦੱਸਵਾਂ ਹਿੱਸਾ ਦਿੱਤਾ—ਕਿਉਂਕਿ ਲੇਵੀ ਦੇ ਪਰਦਾਦੇ ਨੇ ਮਲਕਿਸਿਦਕ ਨੂੰ ਦਸੌਂਧ ਦਿੱਤਾ ਸੀ।) [44]ਜਿਵੇਂ ਰੋਮੀਆਂ 3:23 ਵਿੱਚ ਹੈ, ਇਹ ਗੱਲ ਸਪੱਸ਼ਟ ਹੈ ਕਿ ਪੌਲੁਸ ਦੇ ਮਨ ਵਿੱਚ ਜ਼ਿੰਮੇਵਾਰ ਲੋਕ ਸਨ। [45]ਜੇਕਰ ਸਾਡੇ ਸੰਪੂਰਨ ਪਾਠ ਵਿੱਚ "ਮੌਤ" ਨੂੰ ਸਰੀਰਿਕ ਮੌਤ ਦੇ ਰੂਪ ਵਿੱਚ ਲਿਆ ਜਾਵੇ, ਤਾਂ ਆਇਤ 13 ਦੇ ਵਿੱਚ ਪੌਲੁਸ ਦਾ ਬਿੰਦੂ ਹੇਠ ਲਿਖੇ ਅਨੁਸਾਰ ਹੋ ਸਕਦਾ ਹੈ: ਜੇਕਰ ਸਰੀਰਿਕ ਮੌਤ ਵਿਅਕਤੀਗਤ ਪਾਪ ਦੀ ਸਜ਼ਾ ਸੀ, ਤਾਂ ਮੂਸਾ ਦੀ ਸ਼ਰਾ ਦੇ ਦਿੱਤੇ ਜਾਣ ਤੋਂ ਪਹਿਲਾਂ ਕੋਈ ਵੀ ਨਾ ਮਰਦਾ। [46]"ਅਪਰਾਧ" ਸ਼ਬਦ παράβασις *(ਪਾਰਾਬੇਸਿਸ)* ਤੋਂ ਆਇਆ ਹੈ। ਵੇਖੋ 4:15 ਤੇ ਟਿੱਪਣੀਆਂ। [47]ਪਰਮੇਸ਼ੁਰ ਨੇ ਹੁਕਮ ਦਿੱਤਾ ਕਿ ਕਾਤਲਾਂ ਨੂੰ ਮਾਰ ਦਿੱਤਾ ਜਾਵੇ ਹੈ (ਉਤਪਤ 9:6), "ਪਰ ਉੱਥੇ ਮੌਤ ਦੀ ਸਜ਼ਾ ਵਿੱਚ ਕੋਈ ਵੀ ਜਨਰਲ ਨਿਯਮ ਨਹੀਂ ਸੀ" (ਮੇਕਗਾਰਵੇ ਅਤੇ ਪੈਂਡਲੀਟਨ, 335)। [48]ਐੱਫ. ਐੱਫ. ਬਰੂਸ, *ਪੌਲੁਸ ਲੈਟਰ ਟੂ ਰੋਮਨਜ਼*, ਦੂਜਾ ਪ੍ਰਕਾਸ਼ਨ, ਦ ਟਿੰਡੇਲ ਨਿਊ ਟੈਸਟਾਮੈਂਟ ਕਮੈਨਟਰੀਸ (ਗ੍ਰੇਂਡ ਰੈਪਿਡਸ, ਮਿਸ਼ੀਗਨ: ਵਿਲੀਅਮ. ਬੀ. ਅਰਡਮਨਸ ਪਬਲਿਸ਼ਿੰਗ ਕੰ., 1985), 124. [49]ਬਾਉਰ, 1019. [50]ਉਪਰੋਕਤ, 770.

[51]ਮੇਕਗਾਰਵੇ ਅਤੇ ਪੈਂਡਲੀਟਨ, 336. [52]"ਬਖ਼ਸ਼ੀਸ਼" ਲਈ ਸ਼ਬਦ δώρημα *(ਡੋਰੇਮਾ)*, ਆਇਤ 15 ਵਿੱਚ ਡੋਰੇਆ ਨਾਲ ਸੰਬੰਧਤ ਹੈ। ਇਹ ਸ਼ਬਦ ਨੂੰ ਉਨ੍ਹਾਂ ਸ਼ਬਦਾਂ ਦੀ ਗਿਣਤੀ ਵਿੱਚ ਸ਼ਾਮਿਲ ਕੀਤਾ ਜਾਂਦਾ ਹੈ ਜਿਨ੍ਹਾਂ ਨੂੰ ਪੌਲੁਸ ਪਰਮੇਸ਼ੁਰ ਦੇ ''ਵਰਦਾਨ" ਬਾਰੇ ਦੱਸਣ ਲਈ ਇਸਤੇਮਾਲ ਕੀਤਾ ਸੀ। [53]"ਸਿਰਫ-ਸਰੀਰਿਕ-ਮੌਤ" ਵਿੱਚ ਵੇਖੋ, "ਸਜ਼ਾ" ਦੋਸ਼ੀ ਦੇ ਸਿਰਫ ਸਰੀਰਿਕ ਤੌਰ ਤੇ ਮਰਨ ਨੂੰ ਦਰਸਾਉਂਦਾ ਹੈ। [54]ਜਿਵੇਂ ਪਹਿਲਾਂ ਉਲੇਖ ਕੀਤਾ ਗਿਆ ਸੀ, ਇੱਕ ਅਪਵਾਦ ਹਨੋਕ ਸੀ (ਉਤਪਤ 5:24). ਦੂਸਰਾ ਏਲੀਯਾਹ (2 ਰਾਜਿਆਂ 2:11)। ਉਹ ਵੀ, ਜੋ ਮਸੀਹ ਦੇ ਆਉਣ ਦੇ ਸਮੇਂ ਜ਼ਿੰਦਾ ਹੋਣਗੇ ਸਰੀਰਕ ਤੌਰ ਤੇ ਨਹੀਂ ਮਰਨਗੇ। [55]ਲਾਰਡ, 167. [56]ਕਈ "ਸਿਰਫ-ਸਰੀਰਿਕ-ਮੌਤ" ਦੇ ਸਮਰਥਕ ਇਸ ਗੱਲ ਤੇ ਜ਼ੋਰ ਦਿੰਦੇ ਹਨ ਕਿ ਇੱਥੇ "ਧਰਮੀ ਠਹਿਰਾਇਆ ਜਾਣਾ" ਸਰੀਰਿਕ ਮੌਤ ਦੇ ਬਦਲ ਜਾਣ ਦਾ ਹਵਾਲਾ ਦਿੰਦਾ ਹੈ। [57]ਮੇਕਗਾਰਵੇ ਅਤੇ ਪੈਂਡਲੀਟਨ, 338. [58]ਉਹ ਲੋਕ ਜੋ "ਸਿਰਫ-ਸਰੀਰਕ-ਮੌਤ" ਨੂੰ ਹੀ ਲੈਂਦੇ ਹਨ ਉਨ੍ਹਾਂ ਦੀ ਪਹੁੰਚ ਸਿਰਫ ਇੱਥੋਂ ਤੱਕ ਹੀ ਵਿਆਖਿਆ ਕਰ ਸਕਣ ਤੱਕ ਹੁੰਦੀ ਹੈ ਕਿ ਆਦਮ ਦੇ ਪਾਪ ਦੇ ਦੁਆਰਾ ਸਰੀਰਿਕ ਮੌਤ ਦੀ ਦੇ ਰੂਪ ਵਿੱਚ "ਸਜ਼ਾ" "ਸਾਰੇ ਲੋਕਾਂ ਵਿੱਚ" ਫੈਲ ਗਈ। "ਜੀਵਨ ਦੇ ਲਈ ਧਰਮੀ ਠਹਿਰਾਇਆ ਜਾਣਾ" ਪ੍ਰਾਥਮਿਕ ਤੌਰ ਤੇ ਇਸ ਗੱਲ ਨੂੰ ਦਰਸਾਉਂਦਾ ਹੈ ਕਿ ਹਰ ਕਿਸੇ ਨੂੰ ਮੁਰਦਿਆਂ ਵਿੱਚੋਂ ਜਿੰਦਾ ਕਰ ਲੈਣ ਦੇ ਦੁਆਰਾ ਯਿਸੂ ਨੇ ਉਸ ਸਜ਼ਾ ਨੂੰ ਉਲਟਾ ਦਿੱਤਾ ਹੈ (ਯੂਹੰਨਾ 5:28, 29)। [59]ਬਰੂਸ ਬਰਟਨ, ਡੇਵਿਡ ਵੀਰਮਨ, ਅਤੇ ਨੀਲ ਵਿਲਸਨ, *ਰੋਮਨਜ਼*, ਲਾਈਫ ਐਪਲੀਕੇਸ਼ਨ ਬਾਈਬਲ ਕਮੇਂਟਰੀ (ਵੀਟੋਨ, ਇਲਿਨੋਏ: ਟਿੰਡੇਲ ਹਾਊਸ ਪ੍ਰਕਾਸ਼ਕ, 1991), 110. [60]ਜੇ.ਡੀ. ਥੌਮਸ, ਕਲਾਸ ਨੋਟਸ, *ਰੋਮਨਜ਼*, ਅਬੀਲੇਨ ਕ੍ਰਿਸਚਿਅਨ ਕਾਲਜ (1955)।

[61]ਕੋਈ ਨਿਸ਼ਚਤ ਉਪਪਦ ਨਹੀਂ (ਅੰਗ੍ਰੇਜ਼ੀ ਵਿੱਚ "ਦ") ਯੂਨਾਨੀ ਪਾਠ ਵਿੱਚ ਨਿਸ਼ਚਤ ਉਪਪਦ (ਅੰਗ੍ਰੇਜ਼ੀ ਵਿੱਚ "ਸ਼ਰਾ" (νόμος, *ਨੋਮੋਸ)* ਲਈ ਸ਼ਬਦ "ਲਾ" ਤੋਂ ਪਹਿਲਾਂ "ਦ" ਆਉਂਦਾ ਹੈ। ਫਿਰ ਵੀ, ਪ੍ਰਸੰਗ ਸੰਕੇਤ ਦਿੰਦਾ ਹੈ ਕਿ ਪੌਲੁਸ ਮੂਸਾ ਦੀ ਸ਼ਰਾ ਬਾਰੇ ਬੋਲ ਰਿਹਾ ਸੀ। [62]ਮੌਰਿਸ, 241. [63]ਬਰੂਸ, 121. [64]ਸਟੋਟ, 139. [65]ਪੌਲ ਲੀ ਟਨ, *ਐਨਸਾਈਕਲੋਪੀਡੀਆ ਆਫ਼ 7,700 ਇਲਸਟਰੇਸ਼ਨਜ਼* (ਰੋਕਵਿਲੇ, ਮੇਰੀਲੈਂਡ: ਅਸ਼ੋਰੇਂਸ ਪਬਲਿਸ਼ਰਸ 1979), 1508. [66]ਮੈਰੀ ਐਨ ਬਰਡ, "ਏ ਜੀਨੀਅਸ ਫਾਰ ਲਵਿੰਗ," *ਗਾਈਡਪੋਸਟਸ* (ਜਨਵਰੀ 1985): 29.

[67]ਈਸਟਸਾਈਡ ਚਰਚ ਆਫ਼ ਕ੍ਰਾਈਸਟ ਮਿਡਵੇਸਟ ਸਿਟੀ, ਐਕਲਾਹੋਮਾ ਵਿਖੇ 7 ਦਸੰਬਰ 2003 ਨੂੰ ਡੇਵਿਡ ਮਾਓਡੇ ਵੱਲੋਂ ਪੇਸ਼ ਧਾਰਮਿਕ ਗੱਲਬਾਤ। [68]ਚਾਰਲਸ ਐੱਚ. ਸਪਰਜਨ, ਜੋਸੇਫ ਐੱਸ. ਏਕਸਲ, *ਦ ਬਿਬਲੀਕਲ ਇਲਸਟ੍ਰੇਟਰ* (ਗ੍ਰੈਂਡ ਰੈਪਿਡਸ, ਮਿਸ਼ੀਗਨ: ਬੇਕਰ ਬੁੱਕ ਹਾਊਸ, 1973), 364. [69]ਡੇਵਿਡ ਐੱਫ. ਬਰਗੇਸ, ਸੰਪਾਦਕ, *ਐਨਸਾਈਕਲੋਪੀਡੀਆ ਅੱਫ ਸਰਮਨ ਇਲਸਟਰੇਸ਼ਨਜ਼* (ਸੈਂਟ ਲੂਇਸ: ਕਨਕੋਰਡਿਆ ਪਬਲਿਸ਼ਿੰਗ ਹਾਊਸ, 1988), 95. [70]ਡੀਸਨ, 156.

[71]ਮੌਰਿਸ, 71 ਵਿੱਚ ਦੁਹਰਾਇਆ ਗਿਆ। [72]ਕੈਥੋਲਿਕ ਡਾਕਟ੍ਰਿਨ, "ਲਿੰਬੋ" ਉਨ੍ਹਾਂ ਧਰਮੀ ਲੋਕਾਂ ਦੇ ਲਈ ਇੱਕ ਸਥਾਨ ਹੈ ਜੋ ਯਿਸੂ ਦੇ ਸਲੀਬ ਤੇ ਬਲੀਦਾਨ ਤੋਂ ਪਹਿਲਾਂ ਮਰ ਗਏ ਸਨ। (ਚਾਰਲਸ ਜੀ. ਹਰਬਰਮਨ, ਅਤੇ ਹੋਰ ਸੰਪਾਦਕ, "ਲਿੰਬੋ" ਦ *ਕੈਥੋਲਿਕ ਐਨਸਾਈਕਲੋਪੀਡੀਆ* [ਨਿਊਯਾਰਕ: ਐਨਸਾਈਕਲੋਪੀਡੀਆ ਪ੍ਰੈੱਸ, 191], 9:256-59)। [73]ਜ਼ਬੂਰ 58:3 ਦਾ ਅਰਥ ਇਹ ਹੈ ਕਿ ਦੁਸ਼ਟ ਜਮਾਂਦਰੂ ਹੀ ਝੂਠੇ ਰਹੇ ਹਨ, ਜੇਕਰ ਇਸਨੂੰ ਲਿਖਤੀ ਰੂਪ ਵਿੱਚ ਲਈਏ ਤਾਂ ਇੱਕ ਅਸੰਭਵ ਗੱਲ ਹੈ। ਅੱਗੇ, ਜ਼ਬੂਰ 22:9, 10 ਅਤਿਕਥਨੀ ਦਾ ਇਸਤੇਮਾਲ ਕਰਦੇ ਹਨ ਤਾਂ ਕਿ ਜ਼ਬੂਰ 51:5 ਦਾ ਉਲਟ ਬਿੰਦੂ ਬਣਾ ਸਕਣ। ਦੋਵੇਂ ਜ਼ਬੂਰ ਦਾਊਦ ਨੂੰ ਲਿਖਿਆ ਗਿਆ। [74]ਐਡਵਰਡਜ਼, 147. [75]ਮੂ, 189. [76]ਐਡਵਰਡਜ਼, 148. [77]ਮੌਰਿਸ, 231. [78]ਡੀਸਨ, 151. [79]ਕੁੱਝ ਲੋਕ ਵਿਸ਼ਵਾਸ ਕਰਦੇ ਹਨ ਕਿ ਆਦਮ ਦੇ ਪਾਪ ਕਰਨ ਤੋਂ ਪਹਿਲਾਂ ਕੋਈ ਸਰੀਰਕ ਮੌਤ ਨਹੀਂ ਸੀ। ਮਨੁੱਖਾਂ ਅਤੇ ਜਾਨਵਰਾਂ ਦੋਵਾਂ ਨੂੰ ਖਾਣ ਦੇ ਲਈ ਰੁੱਖ ਦਿੱਤੇ ਗਏ ਸਨ (ਉਤਪਤ 1:29, 30)। ਇਹ ਸੁਝਾਅ ਦਿੱਤਾ ਗਿਆ ਹੈ ਕਿ ਆਦਮ ਦੇ ਪਾਪ ਤੋਂ ਬਾਅਦ ਪਹਿਲੀ ਸਰੀਰਕ ਮੌਤ ਹੋਈ, ਜਦੋਂ ਜਾਨਵਰਾਂ ਨੂੰ ਮਾਰਿਆ ਗਿਆ ਤਾਂ ਕਿ ਆਦਮ ਅਤੇ ਹੱਵਾਹ ਦੇ ਲਈ ਬਸਤਰ ਬਣਾਏ ਜਾ ਸਕਣ (ਉਤਪਤ 3:21)। [80]ਡਨ, 273.

[81]ਮੌਰਿਸ, 230. [82]ਰੌਜਰਜ਼, 84. [83]ਐਡਵਰਡਜ਼, 146. [84]ਚਾਰਲਸ ਆਰ. ਸਵਿੰਡਲ, *ਕਮਿੰਗ ਟੂ ਟਰਮਜ਼ ਵਿਦ ਸਿਨ: ਏ ਸਟੱਡੀ ਆਫ਼ ਰੋਮਨਜ਼ 1—5* (ਅਨਾਹੇਮ, ਕੈਲੀਫੋਰਨੀਆ: ਇਨਸਾਈਟ ਫ਼ਾਰ ਲਿਵਿੰਗ, 1999), 87-88. ਸਵਿੰਡਲ ਨੇ ਦੋ ਮਨੁੱਖਾਂ ਨੂੰ "ਅਪਰਾਧ ਵਾਲਾ ਮਨੁੱਖ" ਅਤੇ "ਕਿਰਪਾ ਵਾਲਾ ਮਨੁੱਖ" ਕਿਹਾ ਸੀ। [85]ਬਾਰਕਲੇਅ, *ਰੋਮਨਜ਼, 77*, 82. [86]ਡੀ. ਸਟੂਅਰਟ ਬ੍ਰਿਸਕੋ, *ਰੋਮਨਜ਼,* ਦ ਕਮਿਊਨੀਕੇਟਰਜ਼ ਕਮੈਂਟਰੀ (ਵਾਕੋ, ਟੈਕਸਸ: ਵਰਡ ਬੁਕਸ, 1982), 119. [87]ਵੇਖੋ ਕੌਫਮੈਨ, 208. [88]ਐਡਵਰਡ ਐਵਰੈਟ ਹੇਲ, "ਲੈਂਡ ਏ ਹੈਂਡ," ਜਿਸ ਦਾ ਹਵਾਲਾ *742 ਹਾਰਟ-ਵਾਰਮਿੰਗ ਪੋਇਮਜ਼* ਸੰਪਾ. ਅਤੇ ਸੋਧ ਜੌਨ ਆਰ. ਰਾਈਸ (ਮਰਫ਼ਰੀਸਬੋਰੋ, ਟੈਨੇਸੀ: ਸਵੋਰਡ ਆਫ਼ ਦ ਲਾਰਡ ਪਬਲਿਸ਼ਰਸ, 1964), ਨੰਬਰ 314 ਵਿੱਚ ਦਿੱਤਾ ਗਿਆ ਹੈ। ਜੌਨ ਆਰ, ਰਾਇਸ (ਮੁਰਫਰੀਸਬੋਰੋ, ਟੈਨੇਸੀ: ਸਵੋਰਡ ਆਫ਼ ਦ ਲਾਰਡ ਪਬਲਿਸ਼ਰਜ਼, 1964), ਨੰਬਰ 314. [89]ਜਿਮ ਹਿਲਟਨ, *ਜਸਟ ਡਾਇੰਗ ਟੂ ਲਿਵ* (ਕਾਲਾਮਾਜ਼ੂ, ਮਿਸ਼ੀਗਨ: ਮਾਸਟਰਜ਼ ਪ੍ਰੈਸ, 1976), 46. [90]ਐਡਵਰਡਜ਼, 154।

[91]ਬਰਜਿਸ, 176 ਤੋਂ ਲਿਆ ਗਿਆ। [92]ਮੈਕਗੁਇਗਨ, 170. [93]210 ਕੌਫਮੈਨ ਤੋਂ ਲਿਆ ਗਿਆ। [94]ਐਡਵਰਡਜ਼, 151.